# ਖਾਲਸੇ ਦੀ ਮਾਤਾ-ਮਾਤਾ ਸਾਹਿਬ ਕੌਰ ਜੀ



ਮਹਾਨ ਕੋਸ਼ ਦੇ ਕਰਤਾ, ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਮਾਤਾ ਸਾਹਿਬ ਕੌਰ ਜੀ ਦਾ ਜਨਮ ਪਿਤਾ ਭਾਈ ਰਾਮੂ ਜੀ ਬਸੀ ਦੇ ਘਰ ਮਾਤਾ ਜਸਦੇਈ ਦੀ ਕੁੱਖੋਂ ਦਿਨ ਬੁੱਧਵਾਰ 5 ਨਵੰਬਰ, 1681 ਈਸਵੀ ਨੂੰ ਪਿੰਡ ਰੋਹਤਾਸ ਵਿਖੇ ਹੋਇਆ। ਆਪ ਨੇ 1700 ਈਸਵੀ ਵਿੱਚ ਸ੍ਰੀ ਆਨੰਦਪੁਰ ਸਾਹਿਬ ਵਿਖੇ ਪਰਿਵਾਰ ਸਮੇਤ ਕਲਗੀਧਰ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਅਤੇ ਆਪ ਸਾਹਿਬ ਦੇਵਾਂ ਤੋਂ ਮਾਤਾ ਸਾਹਿਬ ਕੌਰ ਬਣ ਗਏ। ਮਾਤਾ ਸਾਹਿਬ ਕੌਰ ਜੀ ਨੇ ਸਾਰੀ ਜ਼ਿੰਦਗੀ ਗੁਰੂ ਸਾਹਿਬ ਜੀ ਦੇ ਪਵਿੱਤਰ ਚਰਨਾਂ ਵਿਚ ਧਿਆਨ ਜੋੜ ਕੇ ਗੁਜ਼ਾਰੀ। ਜਾਣੀ-ਜਾਣ ਤੇ ਅੰਤਰਜਾਮੀ ਸੱਚੇ ਪਾਤਸ਼ਾਹ ਜੀ ਨੇ ਸਮੁੱਚੇ ਖਾਲਸਾ ਪੰਥ ਨੂੰ ਮਾਤਾ ਜੀ ਦੀ ਝੋਲੀ ਵਿੱਚ ਪਾ ਕੇ ਮਾਤਾ ਜੀ ਨੂੰ ਖਾਲਸੇ ਦੀ ਮਾਤਾ ਹੋਣ ਦਾ ਉੱਚਾ ਰੁਤਬਾ ਬਖਸ਼ਿਆ। ਆਪ ਜੀ ਨੇ ਸ੍ਰੀ ਕਲਗੀਧਰ ਜੀ ਦੇ ਜੋਤੀ ਜੋਤ ਸਮਾਉਣ ਮਗਰੋਂ 22 ਸਾਲ 9 ਮਹੀਨੇ 15 ਦਿਨ ਜੀਵਤ ਰਹਿ ਕੇ ਖਾਲਸਾ ਪੰਥ ਦੀ ਸੁਚੱਜੀ ਅਗਵਾਈ ਕੀਤੀ। ਆਪ ਦਿੱਲੀ ਵਿਖੇ 19 ਅਕਤੂਬਰ, 1731 ਈ: ਦਿਨ ਸ਼ੁੱਕਰਵਾਰ ਨੂੰ ਪ੍ਰਭੂ ਚਰਨਾਂ ਵਿੱਚ ਬਿਰਾਜਮਾਨ ਹੋ ਗਏ।

# ਉਦੇਸ਼

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਫ਼ਲਸਫ਼ੇ "ਵਿਦਿਆ ਵੀਚਾਰੀ ਤਾਂ ਪਰਉਪਕਾਰੀ" ਉਪਰ ਚਲਦਿਆਂ ਇਸ ਸੰਸਥਾ ਦਾ ਉਦੇਸ਼ ਵਿੱਦਿਆ ਦੀ ਲੋਅ ਨੂੰ ਹਰ ਘਰ, ਹਰ ਬੱਚੀ ਤਕ ਪਹੁੰਚਾਉਣਾ ਹੈ ਤਾਂ ਕਿ ਗੁਰੂ ਨਾਨਕ ਦੇਵ ਜੀ ਦੇ ਫ਼ਲਸਫ਼ੇ "ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ" ਦੇ ਮਹਾਂਵਾਕ ਨੂੰ ਪੂਰਦਿਆਂ ਇਲਾਕੇ ਦੀਆਂ ਬੱਚੀਆਂ ਸਮਕਾਲੀ ਸਮੱਸਿਆਵਾਂ ਪ੍ਰਤੀ ਚੇਤੰਨ ਹੋ ਕੇ ਸਵੈ-ਪਹਿਚਾਣ ਦੀ ਚਿਣਗ ਬਾਲ ਕੇ ਲਗਨ ਅਤੇ ਸਿਰੜ ਨਾਲ ਜ਼ਿੰਦਗੀ ਦੇ ਉੱਚ ਨਿਸ਼ਾਨੇ ਦੀ ਪ੍ਰਾਪਤੀ ਲਈ ਆਪਣੀ ਇੱਛਾ ਸ਼ਕਤੀ ਜਗਾਉਣ ਅਤੇ ਆਤਮ-ਨਿਰਭਰ ਬਣਕੇ ਆਪਣੀ ਸਮਾਜਿਕ ਹੋਂਦ ਨੂੰ ਸਥਾਪਿਤ ਕਰਨ।

# ਸਾਡੇ ਪਥ ਪ੍ਰਦਰਸ਼ਕ



**ਐਡਵੋਕੇਟ ਹਰਜਿੰਦਰ ਸਿੰਘ ਧਾਮੀ**
ਪ੍ਰਧਾਨ
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ ਸਾਹਿਬ



**ਸ. ਬਲਵਿੰਦਰ ਸਿੰਘ ਭੂੰਦੜ**
ਸਾਬਕਾ ਮੈਂਬਰ ਰਾਜ ਸਭਾ
ਵਧੀਕ ਸਕੱਤਰ, ਸਥਾਨਕ ਪ੍ਰਬੰਧਕ ਕਮੇਟੀ
ਮਾਤਾ ਸਾਹਿਬ ਕੌਰ ਗਰਲਜ਼ ਕਾਲਜ,ਤਲਵੰਡੀ ਸਾਬੋ



**ਸ. ਸੁਖਮਿੰਦਰ ਸਿੰਘ**
ਸਕੱਤਰ (ਵਿੱਦਿਆ)
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ ਸਾਹਿਬ

# ਕਾਲਜ ਬਾਰੇ ਜਾਣਕਾਰੀ

ਸਾਹਿਬ-ਏ-ਕਮਾਲ ਕਲਗੀਧਰ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ-ਛੋਹ ਪ੍ਰਾਪਤ ਦਮਦਮਾ ਸਾਹਿਬ ਦੀ ਪਵਿੱਤਰ ਧਰਤੀ, ਜਿਸ ਨੂੰ 'ਗੁਰੂ ਦੀ ਕਾਸ਼ੀ' ਹੋਣ ਦਾ ਵਰ ਪ੍ਰਾਪਤ ਹੈ, 'ਤੇ ਸੁਸ਼ੋਭਿਤ 'ਖ਼ਾਲਸੇ ਦੀ ਮਾਤਾ' ਮਾਤਾ ਸਾਹਿਬ ਕੌਰ ਜੀ ਦੀ ਅਦੁੱਤੀ ਸ਼ਖ਼ਸੀਅਤ ਨੂੰ ਸਮਰਪਿਤ, ਮਾਤਾ ਸਾਹਿਬ ਕੌਰ ਗਰਲਜ਼ ਕਾਲਜ, ਇਲਾਕੇ ਦਾ ਨਿੱਕੀ ਉਮਰੇ ਵੱਡੀਆ ਪੁਲਾਂਘਾਂ ਪੁੱਟਣ ਵਾਲਾ ਵਿੱਦਿਅਕ ਅਦਾਰਾ ਹੈ। ਇਸਤਰੀ ਵਿੱਦਿਆ ਨੂੰ ਸਮਰਪਿਤ ਇਸ ਅਦਾਰੇ ਦੀ ਸਥਾਪਨਾ ਜੂਨ 1997 ਨੂੰ ਹੋਈ ਜਿਸ ਦਾ ਨੀਂਹ ਪੱਥਰ ਉਸ ਵੇਲੇ ਦੇ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ, ਪੰਥ ਰਤਨ ਸਵਰਗੀ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਰੱਖਿਆ।

ਗੁਰਦੁਆਰਾ ਜੰਡਸਰ ਦੇ ਨੇੜੇ ਤਖ਼ਤ ਸ੍ਰੀ ਦਮਦਮਾ ਸਾਹਿਬ ਵੱਲੋਂ ਦਿੱਤੀ 14 ਏਕੜ ਜ਼ਮੀਨ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਵਲੋਂ ਕਰੋੜਾਂ ਰੁਪਏ ਖਰਚ ਕੇ ਕਾਲਜ ਦੀ ਖੁੱਲ੍ਹੀ ਤੇ ਸ਼ਾਨਦਾਰ ਇਮਾਰਤ ਤਿਆਰ ਕਰਵਾਈ ਗਈ ਹੈ। ਸੰਤ ਬਾਬਾ ਮਿੱਠਾ ਸਿੰਘ ਜੀ ਗੁਰਦੁਆਰਾ ਮਸਤੂਆਣਾ ਸਾਹਿਬ ਵਲੋਂ ਸਵਾ ਕਰੋੜ ਰੁਪਏ ਦੀ ਲਾਗਤ ਨਾਲ ਸਾਰੀਆਂ ਸਹੂਲਤਾਂ ਨਾਲ ਲੈਸ ਇਕ ਖੂਬਸੂਰਤ ਹੋਸਟਲ ਦੀ ਉਸਾਰੀ ਕਰਵਾਈ ਗਈ ਜੋ ਦੂਰ-ਦੁਰਾਡੇ ਤੋਂ ਸਿੱਖਿਆ ਪ੍ਰਾਪਤ ਕਰਨ ਆਉਣ ਵਾਲੀਆਂ ਵਿਦਿਆਰਥਣਾਂ ਲਈ ਵਰਦਾਨ ਸਿੱਧ ਹੋਇਆ ਹੈ। ਇਸ ਕਾਲਜ ਵਿਖੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਮਾਨਤਾ ਪ੍ਰਾਪਤ ਆਰਟਸ, ਕਾਮਰਸ, ਸਾਇੰਸ ਅਤੇ ਕੰਪਿਊਟਰ ਨਾਲ ਸੰਬੰਧਿਤ ਗਰੈਜੂਏਟ ਅਤੇ ਪੋਸਟ-ਗਰੈਜੂਏਟ ਪੱਧਰ ਦੇ ਕੋਰਸ ਕਰਵਾਏ ਜਾਂਦੇ ਹਨ। ਪੰਜਾਬ ਸਕੂਲ ਐਜੂਕੇਸ਼ਨ ਬੋਰਡ ਤੋਂ ਮਾਨਤਾ ਪ੍ਰਾਪਤ ਕਾਲਜੀਏਟ ਸੀਨੀਅਰ ਸੈਕੰਡਰੀ ਸਕੂਲ ਵਿਚ 10+1 ਅਤੇ 10+2 (ਆਰਟਸ, ਕਾਮਰਸ, ਮੈਡੀਕਲ, ਨਾਨ-ਮੈਡੀਕਲ) ਕੋਰਸ ਉਪਲਬਧ ਹਨ।

ਕਾਲਜ ਕੈਂਪਸ ਵਿਚ ਸਕੂਲ ਅਤੇ ਕਾਲਜ ਦੀਆਂ ਵੱਖਰੀਆਂ-ਵੱਖਰੀਆਂ ਸ਼ਾਨਦਾਰ ਇਮਾਰਤਾਂ ਅਤੇ ਪ੍ਰਬੰਧਕੀ ਬਲਾਕ ਦਾ ਪ੍ਰਬੰਧ ਹੈ। ਵਿਦਿਆਰਥਣਾਂ ਦੇ ਸਰਵ-ਪੱਖੀ ਵਿਕਾਸ ਲਈ ਐਨ.ਐਸ.ਐਸ., ਰੈਡ ਰਿਬਨ ਕਲੱਬ, ਲੀਗਲ ਏਡ ਸਰਵਿਸਿਜ਼ ਅਤੇ ਰੈਡ ਕਰਾਸ ਦੀਆਂ ਯੂਨਿਟਾਂ ਦੇ ਨਾਲ-ਨਾਲ ਗੱਤਕਾ ਟੀਮ ਵੀ ਤਿਆਰ ਕੀਤੀ ਹੋਈ ਹੈ। ਧਾਰਮਿਕ ਅਤੇ ਨੈਤਿਕ ਸਿੱਖਿਆ ਦੇ ਨਾਲ-ਨਾਲ ਕਾਲਜ ਸਭਿਆਚਾਰਕ ਅਤੇ ਸਾਹਿਤਕ ਖੇਤਰ ਵਿਚ ਵਿਸ਼ੇਸ਼ ਯੋਗਦਾਨ ਪਾ ਰਿਹਾ ਹੈ। ਕਾਲਜ ਵਿਚ ਇਕ ਵਿਸ਼ਾਲ ਸਟੇਡੀਅਮ ਹੈ। ਇਥੋਂ ਦੀਆਂ ਖਿਡਾਰਨਾਂ ਨੇ ਨੈਸ਼ਨਲ ਅਤੇ ਇੰਟਰਨੈਸ਼ਨਲ ਪੱਧਰ 'ਤੇ ਨਾਮਣਾ ਖੱਟਿਆ ਹੈ। ਇਸ ਤੋਂ ਇਲਾਵਾ ਕਾਲਜ ਕੈਂਪਸ ਵਿਚ ਵਿਦਿਆਰਥਣਾਂ ਦੇ ਵਿੱਦਿਅਕ ਮਿਆਰ ਨੂੰ ਹੋਰ ਉੱਚਾ ਕਰਨ ਹਿੱਤ ਲਾਇਬ੍ਰੇਰੀ ਦਾ ਖਾਸ ਪ੍ਰਬੰਧ ਹੈ। ਕਾਲਜ ਵਿੱਚ ਕੈਰੀਅਰ-ਗਾਈਡੈਂਸ ਅਤੇ ਲੀਗਲ ਸੈੱਲ ਬਣੇ ਹੋਏ ਹਨ ਜੋ ਵਿਦਿਆਰਥਣਾਂ ਦੇ ਭਾਵੀ ਜੀਵਨ ਲਈ ਅਗਵਾਈ ਪ੍ਰਦਾਨ ਕਰਦੇ ਹਨ। ਤਖ਼ਤ ਸ੍ਰੀ ਦਮਦਮਾ ਸਾਹਿਬ ਅਤੇ ਆਲੇ-ਦੁਆਲੇ ਦੇ ਪਿੰਡਾਂ ਦੀਆਂ ਲੜਕੀਆਂ ਨੂੰ ਵਿਦਿਆ ਪ੍ਰਦਾਨ ਕਰਨ ਦੇ ਲਈ ਇਹ ਕਾਲਜ ਇਕ ਚਾਨਣ ਮੁਨਾਰੇ ਦਾ ਕੰਮ ਕਰ ਰਿਹਾ ਹੈ। ਜਿਸ ਲਈ ਕਾਲਜ ਕੋਲ ਉੱਚ ਵਿੱਦਿਆ ਪ੍ਰਾਪਤ ਮਿਹਨਤੀ ਸਟਾਫ਼ ਹੈ ਜੋ ਕਿ ਵਿਦਿਆਰਥਣਾਂ ਦੇ ਸੁਨਹਿਰੀ ਭਵਿੱਖ ਨੂੰ ਸੰਵਾਰਨ ਲਈ ਯਤਨਸ਼ੀਲ ਹੈ। ਕਾਲਜ ਪ੍ਰਿੰਸੀਪਲ ਡਾ. ਕਮਲਪ੍ਰੀਤ ਕੌਰ ਸੰਧੂ ਦੀ ਸੁਯੋਗ ਅਗਵਾਈ ਅਤੇ ਸਮੂਹ ਸਟਾਫ ਦੀ ਮਿਹਨਤ ਸਦਕਾ ਇਹ ਕਾਲਜ ਹਰ ਦਿਨ ਸਫ਼ਲਤਾਵਾਂ ਦੀਆਂ ਪੁਲਾਂਘਾ ਪੁੱਟਦਾ ਹੋਇਆ ਨਿੱਤ ਨਵੀਆਂ ਬੁਲੰਦੀਆਂ ਛੂਹ ਰਿਹਾ ਹੈ।

ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਸਹਿਯੋਗ ਸਦਕਾ ਮਾਤਾ ਨਾਨਕੀ ਜੀ ਅਕਾਦਮਿਕ ਅਤੇ ਧਾਰਮਿਕ ਮੁਫ਼ਤ ਵਿੱਦਿਆ ਯੋਜਨਾ ਅਧੀਨ ਹਰ ਸਾਲ 250 ਗੁਰਸਿੱਖ ਲੜਕੀਆਂ ਨੂੰ ਮੁਫ਼ਤ ਵਿੱਦਿਆ ਪ੍ਰਦਾਨ ਕੀਤੀ ਜਾ ਰਹੀ ਹੈ।





# ਸੰਦੇਸ਼

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਸਿੱਖਾਂ ਦੀ ਪ੍ਰਮੁੱਖ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੀ ਸਥਾਪਨਾ ਦਾ ਇਤਿਹਾਸ ਬਹੁਤ ਨਿਵੇਕਲਾ ਅਤੇ ਕੁਰਬਾਨੀਆਂ ਭਰਿਆ ਹੈ। ਇਸ ਦੇ ਹੋਂਦ ਵਿੱਚ ਆਉਣ ਨਾਲ ਸਿੱਖ ਸ਼ਕਤੀ ਸੰਗਠਿਤ ਹੋਈ, ਜਿਸ ਨੇ ਪੰਥਕ ਹਿੱਤਾਂ ਦੀ ਤਰਜ਼ਮਾਨੀ ਕੀਤੀ। ਗੁਰੂ ਘਰਾਂ ਦੇ ਸੁਚੱਜੇ ਪ੍ਰਬੰਧ, ਸਿੱਖ ਧਰਮ ਦੇ ਪ੍ਰਚਾਰ ਤੇ ਪਸਾਰ, ਪੰਥਕ ਮਸਲਿਆਂ, ਸਿਹਤ ਸੇਵਾਵਾਂ, ਲੋਕ ਭਲਾਈ, ਵਿੱਦਿਆ ਤੋਂ ਲੈ ਕੇ ਸਮਾਜ ਦੇ ਹਰ ਖੇਤਰ ਵਿਚ ਇਸ ਦੀ ਭੂਮਿਕਾ ਮੋਹਰੀ ਰਹੀ ਹੈ।

ਵਿੱਦਿਆ ਮਨੁੱਖ ਦਾ ਤੀਜਾ ਨੇਤਰ ਹੁੰਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ ਵਿੱਦਿਆ ਦੇ ਪਸਾਰ ਲਈ ਵਿੱਦਿਅਕ ਸੰਸਥਾਵਾਂ ਦੀ ਸਥਾਪਨਾ ਕਰਕੇ ਨਿਰਸਵਾਰਥ ਭਾਵਨਾ ਨਾਲ ਉੱਚ, ਮਿਆਰੀ, ਸਮੇਂ ਦੇ ਹਾਣ ਦੀ ਸਿੱਖਿਆ ਪ੍ਰਦਾਨ ਕਰਨ ਹਿੱਤ ਅਤੇ ਨੈਤਿਕ ਕਦਰਾਂ-ਕੀਮਤਾਂ, ਅਮੀਰ ਸਿੱਖ ਵਿਰਸਾ, ਸਿੱਖੀ ਸਿਧਾਂਤਾਂ ਤੇ ਸਿੱਖੀ ਜੀਵਨ ਦਰਸ਼ਨ ਅਨੁਸਾਰ ਵਿਦਿਆਰਥੀਆਂ ਦੀ ਸ਼ਖ਼ਸੀਅਤ ਉਸਾਰੀ ਕਰਨ ਲਈ ਨਿੱਗਰ ਯੋਗਦਾਨ ਪਾਇਆ ਜਾ ਰਿਹਾ ਹੈ।

ਅਜੋਕੇ ਸਮੇਂ ਧਾਰਮਿਕ, ਸਮਾਜਿਕ, ਸਭਿਆਚਾਰਕ ਤੇ ਸਿੱਖਿਆ ਦੇ ਖੇਤਰ ਵਿੱਚ ਦਰਪੇਸ਼ ਚੁਣੌਤੀਆਂ ਦਾ ਸਾਹਮਣਾ ਕਰਨ, ਨੌਜਵਾਨ ਪੀੜ੍ਹੀ ਨੂੰ ਸਹੀ ਸੇਧ ਤੇ ਦਿਸ਼ਾ ਦੇਣ, ਪਤਿਤਪੁਣੇ ਤੇ ਨਸ਼ਿਆਂ ਜਿਹੀਆਂ ਅਲਾਮਤਾਂ ਤੋਂ ਬਚਾਉਣ, ਸਦਾਚਾਰਕ ਤੇ ਨੈਤਿਕ ਸਿੱਖਿਆ ਪ੍ਰਦਾਨ ਕਰਨ, ਪੱਛਮੀ ਚਕਾਚੌਂਧ ਤੋਂ ਪ੍ਰਭਾਵਿਤ ਰਹਿਣੀ-ਬਹਿਣੀ ਤੇ ਪੱਛਮੀ ਮੁਲਕਾਂ ਵੱਲ ਨੌਜਵਾਨਾਂ ਦੇ ਪ੍ਰਵਾਸ ਨੂੰ ਠੱਲ੍ਹ ਪਾਉਣ ਪ੍ਰਤੀ ਵਿੱਦਿਅਕ ਅਦਾਰਿਆਂ ਦੀ ਅਹਿਮ ਭੂਮਿਕਾ ਤੇ ਜ਼ਿੰਮੇਵਾਰੀ ਹੈ । ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੀਆਂ ਵਿੱਦਿਅਕ ਸੰਸਥਾਵਾਂ ਅਤਿਖ਼ਆਧੁਨਿਕ ਤਕਨੀਕ ਨਾਲ ਅਤੇ ਮਸ਼ੀਨੀ ਜਾਂ ਮਸਨੂਈ ਬੁੱਧੀਮਾਨਤਾ ਦੇ ਇਸ ਯੁੱਗ ਵਿੱਚ ਨੌਜਵਾਨਾਂ ਨੂੰ ਨਵੀਂ ਤਕਨੀਕ ਨਾਲ ਲਬਰੇਜ਼ ਸਹੂਲਤਾਂ ਮੁਹੱਈਆ ਕਰਵਾਉਣ ਦੇ ਨਾਲ-ਨਾਲ ਮੁੱਲਵਾਨ ਮਾਨਵੀ ਕਦਰਾਂ-ਕੀਮਤਾਂ, ਉੱਚੇ ਆਦਰਸ਼ਾਂ, ਨੈਤਿਕ ਮੁੱਲਾਂ ਅਤੇ ਸਿੱਖੀ ਸਿਧਾਂਤਾਂ ਦੀ ਸਿੱਖਿਆ ਦੇਣਾ ਆਪਣਾ ਫਰਜ਼ ਸਮਝਦੀਆਂ ਹਨ। ਇਨਾ ਸੰਸਥਾਵਾਂ ਦਾ ਮੰਤਵ ਵਿਦਿਆਰਥੀਆਂ ਵਿੱਚ ਅਨੁਸ਼ਾਸਨ, ਸੰਜਮ, ਸੰਤੋਖ ਤੇ ਸੰਵੇਦਨਸ਼ੀਲਤਾ ਜਿਹੇ ਗੁਣਾਂ ਦਾ ਸੰਚਾਰ ਕਰਕੇ ਨਿੱਗਰ ਚਰਿੱਤਰ ਦਾ ਨਿਰਮਾਣ ਕਰਨਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਫੁਰਮਾਨ / ਬਚਨ 'ਵਿਦਿਆ ਵੀਚਾਰੀ ਤਾਂ ਪਰਉਪਕਾਰੀ' ਅਨੁਸਾਰ ਵਿੱਦਿਆ ਪ੍ਰਾਪਤ ਕਰਕੇ ਸੰਗਤ ਵਿੱਚ ਪਰਉਪਕਾਰ ਕਰਨ ਦਾ ਉਪਦੇਸ਼ ਹੈ। ਵਿੱਦਿਆ ਦੂਜਿਆਂ ਦੀ ਭਲਾਈ ਕਰਨਾ ਸਿਖਾਉਂਦੀ ਹੈ ਅਤੇ ਮਨੁੱਖ ਅਸਲ ਵਿੱਦਿਆ ਪ੍ਰਾਪਤ ਕਰਕੇ ਹੀ 'ਵਿਚਾਰਵਾਨ' ਬਣਦਾ ਹੈ। ਇਸ ਆਦਰਸ਼ ਉੱਤੇ ਚੱਲਦਿਆਂ ਸਿੱਖਿਆ ਵਿੱਚ ਸਿੱਖ ਸੁਰਤਿ, ਮਤਿ, ਮਨੁ, ਬੁਧਿ, ਬਿਬੇਕ ਰਾਹੀਂ ਰੋਸ਼ਨ ਦਿਮਾਗ਼ ਅਤੇ ਸਿੱਖੀ ਸਰੂਪ ਦੀ ਝਲਕ ਵੀ ਦ੍ਰਿਸ਼ਟੀਮਾਨ ਹੋਣੀ ਜ਼ਰੂਰੀ ਹੈ।

ਮੈਂ ਸੰਸਥਾ ਵਿੱਚ ਦਾਖ਼ਲਾ ਲੈਣ ਵਾਲੇ ਸਮੂਹ ਵਿਦਿਆਰਥੀਆਂ ਨੂੰ ਖ਼ੁਸ਼-ਆਮਦੀਦ ਆਖਦਾ ਹੋਇਆ ਸਭ ਦੇ ਰੋਸ਼ਨ ਭਵਿੱਖ ਲਈ ਤਹਿ ਦਿਲੋਂ ਸ਼ੁੱਭ ਇੱਛਾਵਾਂ ਦਿੰਦਾ ਹਾਂ।

**ਐਡਵੋਕੇਟ ਹਰਜਿੰਦਰ ਸਿੰਘ ਧਾਮੀ**
**ਪ੍ਰਧਾਨ**
**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,**
**ਸ੍ਰੀ ਅੰਮ੍ਰਿਤਸਰ ਸਾਹਿਬ**



# ਸੰਦੇਸ਼

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫ਼ਤਹ॥

ਪਿਆਰੇ ਵਿਦਿਆਰਥੀਓ,

ਗੁਰੂ ਸਾਹਿਬਾਨ ਦੁਆਰਾ ਸਮੁੱਚੀ ਮਾਨਵਤਾ ਦੇ ਭਲੇ ਲਈ ਦਰਸਾਏ ਮਾਰਗ ਉੱਤੇ ਚੱਲਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੀਆਂ ਵਿੱਦਿਅਕ ਸੰਸਥਾਵਾਂ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਅਤੇ ਬਹੁਪੱਖੀ ਸਿੱਖਿਆ ਪ੍ਰਦਾਨ ਕਰਨ ਲਈ ਯਤਨਸ਼ੀਲ ਹਨ। ਇਹਨਾਂ ਵਿੱਦਿਅਕ ਅਦਾਰਿਆਂ ਦਾ ਮੂਲ ਉਦੇਸ਼ ਅਗਿਆਨਤਾ ਦੇ ਹਨੇਰੇ ਨੂੰ ਦੂਰ ਕਰਕੇ ਗਿਆਨ ਦਾ ਪ੍ਰਕਾਸ਼ ਫੈਲਾਉਣਾ ਅਤੇ ਅਜਿਹੀ ਸਾਰਥਕ ਤੇ ਸਦੀਵੀ ਸਿੱਖਿਆ ਪ੍ਰਦਾਨ ਕਰਨਾ ਹੈ ਜਿਸ ਵਿੱਚੋਂ ਸਿੱਖੀ ਸਿਧਾਂਤਾਂ ਦੀ ਝਲਕ ਵੀ ਪ੍ਰਾਪਤ ਹੋਵੇ।

ਆਧੁਨਿਕ ਸਮੇਂ ਪੂੰਜੀਵਾਦੀ ਅਤੇ ਸਵਾਰਥੀ ਰੁਚੀਆਂ ਦੇ ਸ਼ਿਕਾਰ ਵਰਗ ਵੱਲੋਂ ਸਿੱਖਿਆ ਨੂੰ ਮੁਨਾਫ਼ੇ ਦੀ ਵਸਤੂ ਬਣਾ ਕੇ ਇਸ ਦਾ ਵਪਾਰੀਕਰਨ ਕੀਤਾ ਜਾ ਰਿਹਾ ਹੈ ਜਦਕਿ ਵਿੱਦਿਆ ਦਾ ਅਸਲੀ ਅਰਥ ਪਰਉਪਕਾਰ ਹੈ। ਮੌਲਿਕ ਸੂਝ ਤੇ ਵਿਸ਼ਾਲ ਗਿਆਨ ਪ੍ਰਾਪਤ ਕਰਕੇ ਵਿਚਾਰਵਾਨ ਸਿੱਖਿਆਰਥੀ ਨੇ ਸਮਾਜ ਲਈ ਰਾਹ ਦਸੇਰਾ ਬਣਨਾ ਹੁੰਦਾ ਹੈ। ਵਿਚਾਰਹੀਣ ਵਿੱਦਿਆ ਮਨੁੱਖ ਨੂੰ ਪਰਉਪਕਾਰੀ ਬਣਾਉਣ ਦੀ ਥਾਂ ਕੁਰਾਹੇ ਪਾ ਦਿੰਦੀ ਹੈ।

ਅਜੋਕੇ ਸਿੱਖਿਆ ਪ੍ਰਬੰਧ ਨੂੰ ਬਹੁਤ ਚੁਣੌਤੀਆਂ ਅਤੇ ਸਮੱਸਿਆਵਾਂ ਦਰਪੇਸ਼ ਹਨ। ਸਵੈਕੇਂਦਰਿਤ ਰੁਚੀਆਂ ਦੇ ਸ਼ਿਕਾਰ ਮਨੁੱਖ ਵਿੱਚੋਂ ਮਾਨਵੀ ਕਦਰਾਂ-ਕੀਮਤਾਂ ਮਨਫ਼ੀ ਹੁੰਦੀਆਂ ਜਾ ਰਹੀਆਂ ਹਨ। ਨੌਜਵਾਨ ਵਰਗ ਨੂੰ ਉੱਚੇਰੀ ਸਿੱਖਿਆ ਅਤੇ ਰੁਜ਼ਗਾਰ ਪ੍ਰਾਪਤੀ ਦੇ ਖੇਤਰ ਵਿੱਚ ਵੱਡੀਆਂ ਵੰਗਾਰਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਕਾਰਾਤਮਕ ਪਰੰਪਰਕ ਕੀਮਤਾਂ ਤੋਂ ਸੱਖਣੀ ਅਤੇ ਆਪਣੇ ਅਮੀਰ ਵਿਰਸੇ ਤੋਂ ਟੁੱਟ ਰਹੀ ਨਵੀਂ ਪੀੜ੍ਹੀ ਦਿਸ਼ਾਹੀਣ ਤੇ ਨਕਾਰਾਤਮਕ ਸੋਚ ਦੀ ਧਾਰਨੀ ਬਣਦੀ ਜਾ ਰਹੀ ਹੈ। ਮਸ਼ੀਨੀਕਰਨ ਤੋਂ ਪ੍ਰਭਾਵਿਤ ਅਜੋਕੀ ਜੀਵਨ ਸ਼ੈਲੀ ਨੇ ਰਚਨਾਤਮਕ, ਸਿਰਜਣਾਤਮਕ ਤੇ ਬੌਧਿਕ ਪੱਖੋਂ ਨੌਜਵਾਨ ਵਰਗ ਨੂੰ ਊਣਾ ਕਰ ਦਿੱਤਾ ਹੈ। ਸਿੱਖਿਆ ਸੰਸਥਾਵਾਂ ਨੂੰ ਦੂਰਅੰਦੇਸ਼ੀ ਅਤੇ ਭਵਿੱਖਮੁਖੀ ਯੋਜਨਾਵਾਂ ਬਣਾਉਣ ਦੀ ਸਖ਼ਤ ਜ਼ਰੂਰਤ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਡਾਇਰੈਕਟੋਰੇਟ ਆਫ਼ ਐਜੂਕੇਸ਼ਨ ਵੱਲੋਂ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ, ਹੁਨਰ, ਕਲਾ, ਪ੍ਰਤਿਭਾ ਨੂੰ ਨਿਖਾਰਨ, ਸਿੱਖੀ ਸਿਧਾਂਤਾਂ, ਸਿੱਖ ਇਤਿਹਾਸ, ਗੁਰਮਤਿ ਜੀਵਨ-ਜਾਚ ਨਾਲ ਜੋੜਨ ਦੇ ਪੁਰਜ਼ੋਰ ਯਤਨ ਕੀਤੇ ਜਾਂਦੇ ਹਨ। ਰੁਜ਼ਗਾਰ ਪ੍ਰਾਪਤੀ ਲਈ ਮੌਕੇ ਪ੍ਰਦਾਨ ਕਰਨ ਹਿੱਤ ਸਾਰਥਕ ਉਪਰਾਲੇ ਕੀਤੇ ਜਾਂਦੇ ਹਨ। ਗਿਆਨ ਪ੍ਰਚੰਡ ਪ੍ਰਸ਼ਨੋਤਰੀ ਮੁਕਾਬਲਾ, ਗੁਰਮਤਿ ਕੈਂਪ, ਗੁਰਮਤਿ ਸਮਾਗਮ, ਪ੍ਰਦਰਸ਼ਨੀਆਂ, ਸ਼ਖ਼ਸੀਅਤ ਉਸਾਰੀ ਦੀ ਸਿਖਲਾਈ ਲਈ ਵਰਕਸ਼ਾਪ, ਵਰਨੈਕੁਲਰ ਬ੍ਰਿਜ ਕੋਰਸ ਅਤੇ ਕੇਂਦਰੀ ਪੱਧਰ ਉੱਤੇ ਵਿਸ਼ਾਲ ਰੁਜ਼ਗਾਰ ਮੇਲਾ ਆਦਿ ਗਤੀਵਿਧੀਆਂ ਦਾ ਆਯੋਜਨ ਵੀ ਕੀਤਾ ਜਾਂਦਾ ਹੈ।

ਮੈਨੂੰ ਪੂਰਨ ਵਿਸ਼ਵਾਸ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਚੱਲ ਰਹੀਆਂ ਵਿੱਦਿਅਕ ਸੰਸਥਾਵਾਂ ਵੱਲੋਂ ਜਿਸ ਪ੍ਰਕਾਰ ਵਰਤਮਾਨ ਸਮੇਂ ਸਿੱਖਿਆ ਦੇ ਖੇਤਰ ਵਿੱਚ ਵਿਸ਼ਵ ਪੱਧਰ ਉੱਤੇ ਨਿਆਰੀ ਪਹਿਚਾਣ ਬਣਾਈ ਗਈ ਹੈ ਉਸ ਪ੍ਰਕਾਰ ਹੀ ਦਰਪੇਸ਼ ਚੁਣੌਤੀਆਂ ਦੇ ਸੰਭਾਵੀ ਹੱਲ ਕੱਢਣ ਲਈ ਵੀ ਸੰਸਥਾਵਾਂ ਵੱਲੋਂ ਸੁਹਿਰਦ ਯਤਨ ਜਾਰੀ ਰਹਿਣਗੇ।

ਇਹਨਾਂ ਵਿੱਦਿਅਕ ਸੰਸਥਾਵਾਂ ਦਾ ਮਨੋਰਥ ਵਿਦਿਆਰਥੀਆਂ ਨੂੰ ਪਰੰਪਰਾਗਤ ਢੰਗਾਂ ਅਤੇ ਅਤਿ-ਆਧੁਨਿਕ ਤਕਨਾਲੋਜੀ ਦੀਆਂ ਤਕਨੀਕਾਂ ਦੇ ਪ੍ਰਯੋਗ ਰਾਹੀਂ ਨਵੇਂ ਗਿਆਨ ਨਾਲ ਸਿੱਖਿਅਤ ਕਰਨਾ, ਕਿੱਤਾ ਮੁਖੀ ਸਿੱਖਿਆ ਰਾਹੀਂ ਰੁਜ਼ਗਾਰ ਪ੍ਰਾਪਤੀ ਦੇ ਯੋਗ ਬਣਾਉਣਾ, ਖ਼ਾਲਸਾਈ ਵਿਰਾਸਤ ਦੇ ਵਾਰਿਸ, ਸਿੱਖ-ਸਿਧਾਂਤ ਦੇ ਧਾਰਨੀ, ਉੱਚ ਚਰਿੱਤਰ ਦੇ ਮਾਲਕ, ਸਰਬੱਤ ਦੇ ਭਲੇ ਦੀ ਸੋਚ ਦੇ ਧਾਰਨੀ ਤੇ ਸਮਾਜ ਨੂੰ ਸੇਧ ਦੇਣ ਵਾਲੇ ਨੌਜਵਾਨ ਵਰਗ ਦਾ ਨਿਰਮਾਣ ਕਰਨਾ ਹੈ।

ਮੈਂ ਸੰਸਥਾ ਵਿੱਚ ਦਾਖ਼ਲ ਹੋਣ ਵਾਲੇ ਵਿਦਿਆਰਥੀਆਂ ਦਾ ਨਿੱਘਾ ਸੁਆਗਤ ਕਰਦਾ ਹਾਂ ਅਤੇ ਇਹ ਵਿਸ਼ਵਾਸ ਦਿਵਾਉਂਦਾ ਹਾਂ ਕਿ ਇਹ ਸੰਸਥਾ ਤੁਹਾਡੇ ਸੁਪਨਿਆਂ ਦੀ ਪੂਰਤੀ ਲਈ ਤੇ ਨਿਰਧਾਰਿਤ ਟੀਚਿਆਂ ਦੀ ਪ੍ਰਾਪਤੀ ਕਰਨ ਵਿੱਚ ਜ਼ਰੂਰ ਮਦਦਗਾਰ ਸਿੱਧ ਹੋਵੇਗੀ।

**ਇੰਜ. ਸੁਖਮਿੰਦਰ ਸਿੰਘ**
**ਸਕੱਤਰ/ਡਾਇਰੈਕਟਰ (ਵਿੱਦਿਆ)**
**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ**



# ਸੰਦੇਸ਼

ਮਨੁੱਖੀ ਸਮਾਜ ਦੀ ਉੱਨਤੀ ਤੇ ਵਿਕਾਸ ਲਈ ਅਜੋਕੇ ਸਮੇਂ ਵਿੱਦਿਆ ਦਾ ਮਹੱਤਵ ਬਹੁਤ ਜ਼ਿਆਦਾ ਹੈ। ਇਸ ਲਈ ਵੱਖ-ਵੱਖ ਸੰਸਥਾਵਾਂ ਵਲੋਂ ਵਿੱਦਿਆ ਦੇ ਪਸਾਰ ਲਈ ਥਾਂ-ਥਾਂ ਸਕੂਲ, ਕਾਲਜ ਖੁੱਲ੍ਹ ਚੁੱਕੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਪਾਤਸ਼ਾਹ ਦੀ ਕ੍ਰਿਪਾ ਸਦਕਾ ਵਿੱਦਿਆ ਦੇ ਖੇਤਰ ਵਿਚ ਆਪਣਾ ਬਣਦਾ ਯੋਗਦਾਨ ਪਾਇਆ ਜਾ ਰਿਹਾ ਹੈ। ਅਨੇਕਾਂ ਹੀ ਸਕੂਲ ਕਾਲਜ ਪੰਥ ਦੀ ਸ਼੍ਰੋਮਣੀ ਸੰਸਥਾ ਦੇ ਪ੍ਰਬੰਧ ਅਧੀਨ ਵਿੱਦਿਆ ਦਾ ਚਾਨਣ ਫੈਲਾਅ ਰਹੇ ਹਨ।

ਇਸਤਰੀ ਵਿੱਦਿਆ ਦੇ ਵਿਕਾਸ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵਿਸ਼ੇਸ਼ ਉਪਰਾਲਾ ਕੀਤਾ ਹੈ। ਇਸੇ ਸਿਲਸਿਲੇ ਵਿਚ 1997-98 ਤੋਂ ਸਿੱਖ ਪੰਥ ਦੇ ਚੌਥੇ ਤਖ਼ਤ, ਤਖ਼ਤ ਸ੍ਰੀ ਦਮਦਮਾ ਸਾਹਿਬ ਦੀ ਪਾਵਨ ਧਰਤੀ 'ਤੇ 'ਮਾਤਾ ਸਾਹਿਬ ਕੌਰ ਗਰਲਜ਼ ਕਾਲਜ' ਖੋਲ੍ਹਿਆ ਗਿਆ ਸੀ ਜੋ ਇਲਾਕੇ ਦੀਆਂ ਲੜਕੀਆਂ ਨੂੰ ਵਿੱਦਿਆ ਪ੍ਰਦਾਨ ਕਰਨ ਦੇ ਮਾਮਲੇ ਵਿਚ ਅੱਜ ਮੋਹਰੀ ਭੂਮਿਕਾ ਨਿਭਾ ਰਿਹਾ ਹੈ। ਅਕਾਲ ਪੁਰਖ ਅੱਗੇ ਅਰਦਾਸ ਹੈ ਕਿ ਉਹ ਇਸ ਕਾਲਜ ਦੇ ਸਮੂਹ ਸਟਾਫ਼ ਅਤੇ ਵਿਦਿਆਰਥਣਾਂ ਨੂੰ ਦੁਨਿਆਵੀ ਵਿੱਦਿਆ ਦੇ ਨਾਲ-ਨਾਲ ਗੁਰਮਤਿ ਨਾਲ ਜੁੜਨ ਦਾ ਆਸ਼ੀਰਵਾਦ ਦੇਵੇ।

**ਸ. ਬਲਵਿੰਦਰ ਸਿੰਘ ਭੂੰਦੜ**
ਸਾਬਕਾ ਮੈਂਬਰ ਰਾਜ ਸਭਾ
ਵਧੀਕ ਸਕੱਤਰ, ਸਥਾਨਕ ਪ੍ਰਬੰਧਕ ਕਮੇਟੀ
ਮਾਤਾ ਸਾਹਿਬ ਕੌਰ ਗਰਲਜ਼ ਕਾਲਜ, ਤਲਵੰਡੀ ਸਾਬੋ

# ਸੰਦੇਸ਼

ਪਿਆਰੇ ਵਿਦਿਆਰਥੀਓ !

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫ਼ਤਿਹ ॥

ਮਾਤਾ ਸਾਹਿਬ ਕੌਰ ਗਰਲਜ਼ ਕਾਲਜ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ (ਬਠਿੰਡਾ) ਦਾ ਵਿਹੜਾ ਨਵੇਂ ਵਿੱਦਿਅਕ ਵਰ੍ਹੇ (2026-27) ਵਿਚ ਆਪ ਸਭ ਦਾ ਸਵਾਗਤ ਕਰਦਾ ਹੈ ।

ਕਿਸੇ ਵੀ ਸਮਾਜ ਦੀ ਰੀੜ੍ਹ ਦੀ ਹੱਡੀ ਉਨਾਂ ਦੀ ਵਿੱਦਿਆ ਹੁੰਦੀ ਹੈ। ਸਮਾਜ ਦੀ ਖ਼ੁਸ਼ਹਾਲੀ ਅਤੇ ਨੈਤਿਕਤਾ ਦੀ ਪਰਖ ਉਸ ਸਮਾਜ ਵਿੱਚ ਲੜਕੀਆਂ ਦੀ ਸਿੱਖਿਆ, ਸਮਾਜਿਕ ਰੁੱਤਬਾ ਅਤੇ ਅਜ਼ਾਦੀ ਤੋਂ ਹੁੰਦੀ ਹੈ। ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ-ਛੋਹ ਪ੍ਰਾਪਤ ਇਸ ਇਲਾਕੇ ਤੇ ਵਰਦਾਨ ਸਦਕਾ ਇਹ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਰਹਿਨੁਮਾਈ ਹੇਠ ਵਿੱਦਿਆ ਦਾ ਦਾਨ 1997 ਤੋਂ ਪ੍ਰਦਾਨ ਕਰ ਰਹੀ ਹੈ। ਇਸ ਮਾਣ-ਮੱਤੀ ਸੰਸਥਾ ਦਾ ਇਤਿਹਾਸ ਵਿੱਦਿਅਕ ਪੱਧਰ (ਗਿਆਨ- ਵਿਗਿਆਨ), ਖੇਡਾਂ, ਸਭਿਆਚਾਰਕ ਗਤੀਵਿਧੀਆਂ ਵਿਚ ਬੜਾ ਗੌਰਵਸ਼ਾਲੀ ਰਿਹਾ ਹੈ ।

ਸ਼੍ਰੋਮਣੀ ਗੁਰਦੁਆਰਾ ਪ੍ਰੰਬਧਕ ਕਮੇਟੀ ਅਤੇ ਧਰਮ-ਪ੍ਰਚਾਰ ਕਮੇਟੀ ਦੇ ਉੱਦਮ ਸਦਕਾ ਇਸ ਸੰਸਥਾ ਨੂੰ ਇਹ ਮਾਣ ਹੈ ਕਿ 250 ਅਮ੍ਰਿੰਤਧਾਰੀ ਲੜਕੀਆਂ ਨੂੰ "ਮਾਤਾ ਨਾਨਕੀ ਜੀ ਅਕਾਦਮਿਕ ਅਤੇ ਧਾਰਮਿਕ ਮੁਫ਼ਤ ਵਿੱਦਿਆ ਯੋਜਨਾ" ਤਹਿਤ ਸਪੂੰਰਨ ਤੌਰ ਤੇ ਮੁਫ਼ਤ ਵਿੱਦਿਆ (ਫੀਸ + ਹੋਸਟਲ ਦੀ ਸਹੂਲਤ) ਦਿੱਤੀ ਜਾ ਰਹੀ ਹੈ। ਇਸ ਸਕੀਮ ਤਹਿਤ ਪੰਜਾਬ ਤੋਂ ਇਲਾਵਾ ਜੰਮੂ-ਕਸ਼ਮੀਰ, ਯੂ.ਪੀ. ਅਤੇ ਛਤੀਸਗੜ੍ਹ ਤੋਂ ਆ ਕੇ ਲੜਕੀਆਂ ਘਰ ਵਰਗੇ ਮਾਹੌਲ ਵਿਚ ਵਿੱਦਿਆ ਪ੍ਰਾਪਤ ਕਰ ਰਹੀਆਂ ਹਨ ।

ਇਹ ਸੰਸਥਾ ਲੜਕੀਆਂ ਦੀ ਇਕੋ ਇਕ ਸਿਰਮੌਰ ਸੰਸਥਾ ਹੈ ਜਿਥੇ ਲੜਕੀਆਂ ਉੱਚ-ਸਿੱਖਿਅਤ ਪ੍ਰਾ-ਅਧਿਆਪਕਾਂ ਤੋਂ ਸਸਤੀ ਅਤੇ ਮਿਆਰੀ ਵਿੱਦਿਆ ਪ੍ਰਾਪਤ ਕਰ ਰਹੀਆਂ ਹਨ ।ਵਿੱਦਿਆ ਦੇ ਨਾਲ ਨਾਲ ਇਸ ਕਾਲਜ ਵਿੱਚ ਵਿਦਿਆਰਥੀਆਂ ਦੇ ਸਮੁੱਚੇ ਵਿਕਾਸ ਲਈ ਐਨ.ਐਸ.ਐਸ., ਖੇਡਾਂ, ਯੁਵਕ-ਸਰਗਰਮੀਆਂ, ਰੈੱਡ-ਕਰਾਸ, ਲੀਗਲ-ਸਰਵਿਸ਼ਜ ਅਤੇ ਮਾਰਸ਼ਲ ਆਰਟ (ਗੱਤਕੇ) ਆਦਿ ਸਹਿ-ਗਤੀਵਿਧੀਆਂ ਦੀ ਸਹੂਲਤ ਪ੍ਰਦਾਨ ਕੀਤੀ ਜਾਂਦੀ ਹੈ।

ਵਿੱਦਿਆ ਨੂੰ ਸਮੇਂ ਦਾ ਹਾਣੀ ਬਣਾਉਣ ਲਈ ਆਧੁਨਿਕ ਤਕਨੀਕਾਂ ਨਾਲ ਲਬਰੇਜ਼ ਸੈਮੀਨਾਰ ਹਾਲ, ਸਮਾਰਟ ਕਲਾਸ ਰੂਮ, ICT ਲੈਬ, ਕੰਪਿਊਟਰ ਲੈਬਜ਼, ਹੋਮ-ਸਾਇੰਸ ਲੈਬਜ਼ ਅਤੇ ਅਤਿ-ਆਧੁਨਿਕ ਸਾਇੰਸ ਲੈਬਜ਼ ਦੀ ਸਹੂਲਤ ਮੌਜੂਦ ਹੈ। ਵਿਦਿਆਰਥਣਾਂ ਨੂੰ ਨੈਤਿਕ ਸਿਖਿਆ ਪ੍ਰਦਾਨ ਕਰਾਉਣ ਲਈ ਸਮੇਂ-ਸਮੇਂ 'ਤੇ ਸੈਮੀਨਾਰਾਂ ਅਤੇ ਕੈਂਪਾਂ ਦਾ ਆਯੋਜਨ ਕੀਤਾ ਜਾਂਦਾ ਹੈ ।

ਪਿਛਲੇ ਵਿੱਦਿਅਕ ਵਰ੍ਹੇ ਵਿਚ ਜਿਹਨਾਂ ਵਿਦਿਆਰਥੀਆਂ ਨੇ ਵਿੱਦਿਅਕ, ਯੁਵਕ ਸਰਗਰਮੀਆਂ, ਖੇਡਾਂ, ਸਾਇੰਸ ਮੇਲਿਆਂ ਅਤੇ ਗੱਤਕੇ ਵਿੱਚ ਯੂਨੀਵਰਸਿਟੀ ਪੱਧਰ ਅਤੇ ਰਾਸ਼ਟਰੀ ਪੱਧਰ ਦੀਆਂ ਪ੍ਰਾਪਤੀਆਂ ਕੀਤੀਆਂ ਹਨ-ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਮਾਪਿਆਂ ਨੂੰ, ਮੈਂ ਆਪਣੀ ਪ੍ਰੰਬਧਕੀ ਕਮੇਟੀ, ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਵੱਲੋਂ ਵਧਾਈ ਪੇਸ਼ ਕਰਦੀ ਹੋਈ ਅਗਲੇਰੇ ਵਿੱਦਿਅਕ ਵਰ੍ਹੇ ਲਈ ਸ਼ੁਭ-ਇਛਾਵਾਂ ਦਿੰਦੀ ਹਾਂ ਅਤੇ ਉਨ੍ਹਾਂ ਦੇ ਉੱਚੇ-ਮਾਣ-ਸਨਮਾਨ ਬਣਾਈ ਰੱਖਣ ਲਈ ਗੁਰੂ ਨਾਨਕ ਦੇਵ ਜੀ ਪਾਤਸ਼ਾਹ ਅੱਗੇ ਅਰਦਾਸ ਕਰਦੀ ਹਾਂ ।

ਪਿਆਰੇ ਵਿਦਿਆਰਥੀਓ ! ਤੁਹਾਡੇ ਸ਼ਾਨਦਾਰ ਭਵਿੱਖ ਦੀ ਕਾਮਨਾ ਸਹਿਤ ਤੁਹਾਡੇ ਪਿਆਰ ਅਤੇ ਉੱਚ-ਅਨੁਸ਼ਾਸਤ ਸਹਿਯੋਗ ਦੀ ਇੱਛਾ ਤਹਿਤ ਉਮੀਦ ਕਰਦੀ ਹਾਂ ਕਿ ਤੁਸੀਂ ਇਸ ਸੰਸਥਾ ਦੇ ਸਤਿਕਾਰ ਤੇ ਉੱਚ-ਦੁਮਾਲੇ ਗੌਰਵ ਨੂੰ ਹੋਰ ਬੁਲੰਦੀਆਂ ਤੇ ਪਹੁੰਚਾਵੋਗੇ...

ਆਮੀਨ

**ਪ੍ਰਿੰਸੀਪਲ**

# Teaching Faculty

## PG Department of Punjabi

| | | |
|---|---|---|
| Dr. Manorma Samag (on duty) | Assistant Professor | M.A., M.Phil., B.Ed. B.A. (Hons.), Ph.D. |
| Dr. Amanpal Kaur | Assistant Professor | M.A. Punjabi (Hons.), Ph.D. |
| Ms. Simarjeet Kaur | Assistant Professor | M.A., UGC (NET), M.Phil. |
| Dr. Rajwinder Kaur* | Assistant Professor | M.A. (Pbi, Rel. Studies), B.Ed., M.Phil., Ph.D. |
| Ms. Dhanveer Kaur* | Assistant Professor | M.A., B.Ed., M.Phil. UGC (NET) |

## Department of Hindi

| | | |
|---|---|---|
| Dr. Nitu Rani | Assistant Professor | M.A., UGC (JRF), Ph.D. |

## Department of English

| | | |
|---|---|---|
| Ms. Jyoti Maan | Assistant Professor | M.A., M.Phil. |
| Ms. Pushpinder Kaur | Lecturer | M.A., M.Phil., B.Ed. |
| Ms. Varinder Kaur | Lecturer | M.A., M.Phil., B.Ed. |
| Ms. Kirandeep Kaur | Assistant Professor | M.A. |

## PG Department of Political Science

| | | |
|---|---|---|
| Dr. Ramandeep Kaur* | Assistant Professor | M.A., B.Ed., M.Phil., Ph.D. |
| Ms. Gurmeet Kaur* | Assistant Professor | M.A., B.Ed., M.Phil. |

## Department of Economics

| | | |
|---|---|---|
| Dr. Sarbjeet Kaur* | Assistant Professor | M.A., B.Ed., M.Phil., Ph.D. |

## Department of History

| | | |
|---|---|---|
| S. Kuljeet Singh | Lecturer | M.A., (History, Pol. Sci.), B.Ed., M.Phil. |

## Department of Sociology

| | | |
|---|---|---|
| Dr. Sarbjeet Kaur* | Assistant Professor | M.A., B.Ed., M.Phil., UGC (NET ) |

## Department of Religious Study

| | | |
|---|---|---|
| Dr. Arshvir Singh | Assistant Professor | M.A., P.hD. |

## Department of Home Science

| | | |
|---|---|---|
| Ms. Shalini Sehgal | Assistant Professor | M.Sc. (Food & Nut.), UGC (NET) |
| Ms. Rajveer Kaur* | Assistant Professor | M.Sc. (Fashion Designing) |

## Department of Physical Education

| | | |
|---|---|---|
| Ms. Harjinder Kaur* | Assistant Professor | M.P. Ed. |

## Department of Gurmat Sangeet

| | | |
|---|---|---|
| S. Lakha Singh | Lecturer | M.A. Gurmat Sangeet, M.A. (Pbi.) B.Ed. |

## Department of Mathematics

| | | |
|---|---|---|
| Dr. Gurmej Singh | Assistant Professor | M.Sc., M.Phil., Ph.D. |
| Ms. Bipan Uppal | Assistant Professor | M.Sc., B.Ed., M.Phil. |
| Ms. Harpreet Kaur | Lecturer | M.Sc., B.Ed., M.Phil. |

## Department of Physics

| | | |
|---|---|---|
| Dr. Navneet Dabra | Assistant Professor (HOD) | M.Sc., Ph.D. |
| Ms. Arshdeep Kaur* | Assistant Professor | M.Sc., B.Ed. |

## Department of Chemistry

| | | |
|---|---|---|
| Ms. Yadveer Kaur | Assistant Professor | M.Sc. (Chemistry), B.Ed. |

## Department of Biology

| | | |
|---|---|---|
| Ms. Baldeep Kaur* | Assistant Professor | M.Sc. (Zoology), CSR (NET) |

## PG Department of Computer Science


| | | |
|---|---|---|
| Dr. Inderpreet Kaur | Assistant Professor (HOD) | MCA, Ph.D. |
| Dr. Sapanjeet Kaur | Assistant Professor | MCA, Ph.D. |
| Ms. Kiran Bala | Lecturer | MCA |
| Ms. Monika | Lecturer | MCA |
| Ms. Navjot Kaur* | Assistant Professor | M.Sc. (IT), PGDCA, Ph.D. (Pursuing) |

## PG Department of Commerce

| | | |
|---|---|---|
| Ms. Rajandeep Kaur | Assistant Professor (HOD) | M.Com., M.Phil. |
| Ms. Harinder Pal Kaur* | Assistant Professor | M.Com |
| Ms. Harmanjit Kaur* | Assistant Professor | M.Com. UGC, NET |

*on Adhoc basis








# Non-Teaching Faculty

## Administrative Staff

| | |
|---|---|
| S. Rajinder Singh | Superintendent |
| S. Jaswinder Singh | Accountant |
| Ms. Mala Rani (on leave) | Assistant Librarian |
| Ms. Karamjeet Kaur | Clerk |
| Ms. Rajveer Kaur | Clerk |
| Ms. Parminder Kaur | Clerk |
| S. Jagseer Singh | Clerk |
| Ms. Gurmeet Kaur | Lab Attendant |
| S. Parminder Singh | Computer Instructor |
| S. Karamjeet Singh | Ground Man |
| S. Balraj Singh | Hostel Sewadar |
| Ms. Chinderpal Kaur | Helper |

# Courses Offered at Collegiate School Level

## 10+1 & 10+2

### ARTS

**Compulsory Subjects**

- English
- Environment Studies
- Business Blasters
- Punjabi/P.H.C.
- Computer Science

**Elective Subject (Choose any three)**

- Political Science / Religion / Economic
- Home Science / Gurmat Sangeet / Physical Education
- Punjabi Elective / English Elective / Hindi Elective
- History / Math / Sociology

### SCIENCE

**Compulsory Subjects**

- English
- Environment Studies
- Business Blasters
- Punjabi/P.H.C.
- Computer Science

**Medical**

- Biology
- Physics
- Chemistry

**Non-Medical**

- Math
- Physics
- Chemistry

### COMMERCE

**Compulsory Subjects**

- English
- Punjabi/P.H.C.
- Environment Studies
- Computer Science
- Business Blasters

**10+1**

- Accountancy-I
- Business Studies
- Business Economics-I
- or MOP

**10+2**

- Accountancy-II
- Business Studies
- Business Economics-II
  or E-Business

# Courses Offered at College Level

## DEPARTMENT OF ARTS

### B.A. (As per the guidelines of NEP-2020)

**Compulsory Subjects**

- English
- Punjabi/Elementary Knowledge
- Environment Studies (IInd year)
- Drug abuse: Problem Management & Prevention (Ist Year)

**Elective Subject (Choose any three)**

- Political Science / Religion / Economics
- Maths / History / Sociology
- Punjabi Elective / Hindi Elective / English Elective
- Home Science / Physical Education / Computer Elective / Gurmat Sangeet

## M.A. (Punjabi)

### 1st Semester

- ਪੇਪਰ-I : ਪੰਜਾਬੀ ਸਾਹਿਤ ਦਾ ਇਤਿਹਾਸ
- ਪੇਪਰ-II : ਸਾਹਿਤ ਆਲੋਚਨਾ ਦੇ ਸਿਧਾਂਤ
- ਪੇਪਰ-III : ਕੋਈ ਇਕ ਵਿਸ਼ਾ:

(i) ਪੰਜਾਬੀ ਨਾਟਕ

(ii) ਨਾਟਕਕਾਰ ਬਲਵੰਤ ਗਾਰਗੀ: ਵਿਸ਼ੇਸ਼ ਅਧਿਐਨ

(iii) ਦੇਸ਼ ਵੰਡ ਨਾਲ ਸਬੰਧਿਤ ਪੰਜਾਬੀ ਨਾਟਕ

- ਪੇਪਰ-IV : ਕੋਈ ਇਕ ਵਿਸ਼ਾ:

(i) ਆਧੁਨਿਕ ਪੰਜਾਬੀ ਕਾਵਿ

(ii) ਆਧੁਨਿਕ ਪੰਜਾਬੀ ਬਿਰਤਾਂਤਕ ਕਾਵਿ

(iii) ਪੰਜਾਬੀ ਨਾਰੀ ਕਾਵਿ

- ਪੇਪਰ-V : ਕੋਈ ਇਕ ਵਿਸ਼ਾ:

(i) ਮੁੱਢਲੀ ਪੰਜਾਬੀ ਗਲਪ (ii) ਆਧੁਨਿਕ ਪੰਜਾਬੀ ਗਲਪ

(iii) ਦੇਸ਼ ਵੰਡ ਨਾਲ ਸਬੰਧਿਤ ਪੰਜਾਬੀ ਗਲਪ

### 2nd Semester

- ਪੇਪਰ-I : ਪੰਜਾਬੀ ਸਾਹਿਤ ਦਾ ਇਤਿਹਾਸ
- ਪੇਪਰ-II : ਸਾਹਿਤ ਆਲੋਚਨਾ ਦੇ ਸਿਧਾਂਤ
- ਪੇਪਰ-III : ਕੋਈ ਇਕ ਵਿਸ਼ਾ:

(i) ਪੰਜਾਬੀ ਨਾਟਕ

(ii) ਨਾਟਕਕਾਰ ਅਜਮੇਰ ਸਿੰਘ ਔਲਖ: ਵਿਸ਼ੇਸ਼ ਅਧਿਐਨ

(iii) ਦੇਸ਼ ਵੰਡ ਨਾਲ ਸਬੰਧਿਤ ਪੰਜਾਬੀ ਨਾਟਕ

- ਪੇਪਰ-IV : ਕੋਈ ਇਕ ਵਿਸ਼ਾ:

(i) ਆਧੁਨਿਕ ਪੰਜਾਬੀ ਕਾਵਿ

(ii) ਆਧੁਨਿਕ ਬਿਰਤਾਂਤਕ ਕਾਵਿ

(iii) ਪੰਜਾਬੀ ਦਲਿਤ ਕਾਵਿ

- ਪੇਪਰ-V : ਕੋਈ ਇਕ ਵਿਸ਼ਾ:

(i) ਮੁੱਢਲੀ ਪੰਜਾਬੀ ਗਲਪ (ii) ਆਧੁਨਿਕ ਪੰਜਾਬੀ ਗਲਪ

(iii) ਪੰਜਾਬ ਸੰਕਟ ਨਾਲ ਸਬੰਧਿਤ ਪੰਜਾਬੀ ਗਲਪ

### 3rdSemester

- ਪੇਪਰ-I : ਭਾਸ਼ਾ ਵਿਗਿਆਨ ਅਤੇ ਪੰਜਾਬੀ ਭਾਸ਼ਾ
- ਪੇਪਰ-II : ਸਭਿਆਚਾਰ ਤੇ ਪੰਜਾਬੀ ਸਭਿਆਚਾਰ
- ਪੇਪਰ-III : ਕੋਈ ਇਕ ਵਿਸ਼ਾ:

(i) ਗੁਰਮਤਿ ਕਾਵਿ

(ii) ਗੁਰੂ ਨਾਨਕ ਬਾਣੀ: ਵਿਸ਼ੇਸ਼ ਅਧਿਐਨ

- ਪੇਪਰ-IV : ਕੋਈ ਇਕ ਵਿਸ਼ਾ:

(i) ਪੁਰਾਤਣ ਤੇ ਮੁੱਢਲੀ ਆਧਨਿਕ ਪੰਜਾਬੀ ਵਾਰਤਕ

(ii) ਜਨਮ ਸਾਖੀ ਸਾਹਿਤ: ਵਿਸ਼ੇਸ਼ ਅਧਿਐਨ

- ਪੇਪਰ-V : ਕੋਈ ਇਕ ਵਿਸ਼ਾ:

(i) ਸੂਫੀ ਅਤੇ ਬੀਰ ਕਾਵਿ (ii) ਸੂਫੀ ਕਾਵਿ ਵਿਸ਼ੇਸ਼ ਅਧਿਐਨ

### 4th Semester

- ਪੇਪਰ-I : ਭਾਸ਼ਾ ਵਿਗਿਆਨ ਅਤੇ ਪੰਜਾਬੀ ਭਾਸ਼ਾ
- ਪੇਪਰ-II : ਲੋਕਧਾਰਾ ਅਤੇ ਪੰਜਾਬੀ ਲੋਕਧਾਰਾ
- ਪੇਪਰ-III : ਕੋਈ ਇਕ ਵਿਸ਼ਾ:

(i) ਗੁਰਮਤਿ ਕਾਵਿ

(ii) ਗੁਰਮਤਿ-ਕਬੀਰ ਬਾਣੀ: ਵਿਸ਼ੇਸ਼ ਅਧਿਐਨ

- ਪੇਪਰ-IV : ਕੋਈ ਇਕ ਵਿਸ਼ਾ:

(i) ਆਧੁਨਿਕ ਪੰਜਾਬੀ ਵਾਰਤਕ

(ii) ਗੁਰਬਖਸ਼ ਸਿੰਘ ਪ੍ਰੀਤਲੜੀ: ਵਿਸ਼ੇਸ਼ ਅਧਿਐਨ

- ਪੇਪਰ-V : ਕੋਈ ਇਕ ਵਿਸ਼ਾ:

(i) ਕਿੱਸਾ ਕਾਵਿ (ii) ਪੰਜਾਬੀ ਹੀਰ ਕਾਵਿ

## M.A. (Political Science)

### 1st Semester

- Paper-I—Indian Political Thought
- Paper-II—Western Political Thought
- Paper-III—Indian Government and Politics
- Paper-IV—International Politics

### 2nd Semester

- Paper-I—Modern Indian Political Thought
- Paper-II—Contemporary Issued in Global Politics
- Paper-III—Liberal Political Theory
- Paper-IV—Democracy in India

### 3rdSemester

- Paper-I—Contemporary Political Thought
- Paper-II—Modern Political Analysis
- Paper-III—Political Parties and Pressure Groups of India
- Paper-IV—Theory & Practice of Diplomacy

### 4th Semester

- Paper-I—Theory and Practice of Public Administration
- Paper-II—Political Theory
- Paper-III—Political Ideologies
- Paper-IV—Punjab Politics

# DEPARTMENT OF COMMERCE

## B.COM-I

### 1st Semester

| Course | Subject Title |
|---|---|
| • Major | Financial Accounting-I |
| | Business Law-I |
| • Minor | Micro Economics |
| • Ability Enhancement | English |
| • Skill Enhancement | Any one from Common Pool |
| • Inter Disciplinary | Any one from Common Pool |
| • Value Added | Environment and Road Safety Awareness |
| • Compulsory | Punjabi (Compulsory) OR |
| • Compulsory | Punjabi (Elementary Knowledge) |

### 2nd Semester

| Course | Subject Title |
|---|---|
| • Major | Financial Accounting-II |
| | Business Law-II |
| • Minor | Macro Economics |
| • Ability Enhancement | English |
| • Skill Enhancement | Any one from Common Pool |
| • Inter Disciplinary | Any one from Common Pool |
| • Value Added | Drug Abuse: Problem, Management And Prevention |
| • Compulsory | Punjabi (Compulsory) OR |
| • Compulsory | Punjabi (Elementary Knowledge) |

## B.COM-II

### 3rd Semester

| Course | Subject Title |
|---|---|
| • Major | Income Tax-I |
| | Corporate Accounting-I |
| • Minor | Business Environment-I |
| • Ability Enhancement | English |
| • Skill Enhancement | Any one from common pool |
| • Inter Disciplinary | Any one from common pool |
| • Value Added | Yoga & Meditation |
| • Compulsory | Punjabi (Compulsory) OR |
| • Compulsory | Punjabi (Elementary Knowledge) |

### 4th Semester

| Course | Subject Title |
|---|---|
| • Major | Income Tax-II |
| | Corporate Accounting-II |
| • Minor | Business Environment-II |
| • Ability Enhancement | English |
| • Skill Enhancement | Any one from common pool |
| • Inter Disciplinary | Any one from common pool |
| • Value Added | Nutrition & Dietetics |
| • Compulsory | Punjabi (Compulsory) OR |
| • Compulsory | Punjabi (Elementary Knowledge) |

## B.COM-III

### 5th Semester

- Punjabi / Elementary Knowledge
- Management Accounting-I
- Cost Accounting-I
- Indirect Taxes
- Auditing
- Corporate Finance

### 6th Semester

- Punjabi / Elementary Knowledge
- Management Accounting-II
- Cost Accounting-II
- Business Environment
- Entrepreneurship & Development
- Finance Planning

## M.COM-I

### 1st Semester

- Management Concepts & Organizational Behaviour
- Accounting for Managerial Decisions
- Business Economics
- Research Methodology & Statistical Techniques

Group-II: Finance

- Financial Management

### 2nd Semester

- Advance Accounting
- Business Environment
- E-Commerce
- Seminar (Based upon Current Issues relating to Commerce)

Group-II: Finance

- Financial Institutions and Markets

## M.COM-II

### 3rd Semester

- Contemporary Auditing
- Corporate Legal Framework
- Direct Tax Laws
- Marketing Management

Group-II: Finance

- Management of Financial Service

### 4th Semester

- Human Resource Management
- Fundamental of Investment
- Banking and Insurance Services
- Corporate Tax Planning
- Comprehensive Viva-voce

Group-II: Finance

- International Finance

# Department of Computer Science

## BCA-I

### 1st Semester
- General English-I
- Punjabi (Compulsory)-I/ Mudla Gyan
- Fundamentals of Information Technology
- Programming Fundamentals Using C
- Software Lab-I
- Software Lab-II

### 2nd Semester
- General English-II
- Punjabi (Compulsory)-II/ Mudla Gyan
- Digital Electronics
- Data Structures
- Software Lab-III
- Drug Abuse: Problem, Management & Prevention

## BCA-II

### 3rd Semester
- English Communication Skills-I
- Management Information System
- Discrete Mathematics
- Computer Organization & Architecture
- Object Oriented Programming Using C++
- Software Lab-IV
- Punjabi Compulsory-III/ Mudla Gyan
- Environmental & Road Safety Awareness

### 4th Semester
- English Communication Skills-II
- Computer Networks
- Computer Oriented Numerical & Statistical Methods
- Relational Database Management Systems
- Software Lab-V
- Software Lab-VI
- Punjabi Compulsory-IV/ Mudla Gyan

## BCA-III

### 5th Semester
- English Literary Skills-I
- System Analysis & Design
- Java Programming
- Web designing using Asp .Net
- Software Lab-IX
- Software Lab-X

### 6th Semester
- English Literary Skills-II
- Software Engineering
- Operating System
- Python Programming
- Software Lab-XI
- Software Lab-XII

## PGDCA

### 1st Semester
- Introduction to Information Technology & E-Commerce
- Computer Programming using C
- Window Operating System & Office Automation
- Programming Lab-I
- Programming Lab-II

### 2nd Semester
- Database Management System
- Programming with Python
- Web Technology
- Programming Lab-III
- Programming Lab-IV

## M.Sc.(IT)-I

### 1st Semester

- Introduction to Information Technology & E-Commerce
- Computer Programming using C
- Web Technology
- Mathematical Foundation of Computer Science
- Programming Lab-I
- Programming Lab-II

### 2nd Semester

- Database Management System
- Programming with Python
- Operating System
- Computer Organization & Architecture
- Programming Lab-III
- Programming Lab-IV

## M.Sc.(IT)-II

### 3rd Semester

- Object Oriented Programming Using C++
- Data & File Structure
- Software Engineering
- Computer Networks
- Programming Lab-V
- Programming Lab-VI

### 4th Semester

- Algorithm Design &Analysis
- Computer Graphics
- Artificial Intelligence
- Minor Project
- Programming Lab-VII
- Programming Lab-VIII

# Department of Science

## B.Sc. (Honours without Research) (3+1 Scheme as per NEP 2020)

- Physics
- Chemistry
- Mathematics
- Computer Science
- Punjabi
- Ability Enhancement Course (AEC)
- Inter Disciplinary/ Multi Disciplinary Course (IDC/MDC)
- Value Added Course (VAC)
- Skill Enhancement Course (SEC)











## ਦਾਖਲਾ ਲੈਣ ਸੰਬੰਧੀ ਨਿਯਮ

- ਦਾਖ਼ਲੇ ਲਈ ਬਿਨੈ-ਪੱਤਰ ਨਿਸ਼ਚਿਤ ਫ਼ਾਰਮ 'ਤੇ ਦੇਣਾ ਹੋਵੇਗਾ (ਨੱਥੀ ਹੈ)।
- ਦਾਖ਼ਲਾ ਫ਼ਾਰਮ ਭਰਨ ਉਪਰੰਤ ਹੇਠ ਲਿਖੇ ਦਸਤਾਵੇਜ਼ ਦੀਆਂ ਕਾਪੀਆਂ ਜੋ ਕਿ ਤਸਦੀਕਸ਼ੁਦਾ ਹੋਣ,ਨਾਲ ਨੱਥੀ ਕਰਕੇ ਨਿਰਧਾਰਤ ਫੀਸ ਭਰਨੀ ਹੋਵੇਗੀ।
  1. ਪਾਸ ਕੀਤੀ ਪਿਛਲੀ ਸ਼ਰੇਣੀ ਦਾ ਨੰਬਰ ਕਾਰਡ
  2. ਜਨਮ ਸਰਟੀਫਿਕੇਟ
  3. ਮੈਟ੍ਰਿਕ ਦਾ ਨੰਬਰ ਕਾਰਡ
  4. ਪਿਛਲੀ ਸੰਸਥਾ ਦੇ ਮੁਖੀ ਵਲੋਂ ਚੰਗੇ ਚਾਲ-ਚਲਣ ਦਾ ਪ੍ਰਮਾਣ-ਪੱਤਰ
  5. ਜਾਤੀ ਸਰਟੀਫਿਕੇਟ (ਐਸ.ਸੀ.,ਬੀ.ਸੀ.)
  6. ਆਧਾਰ ਕਾਰਡ
  7. ਬੈਂਕ ਖਾਤਾ ਨੰਬਰ
  8. ਪਾਸਪੋਰਟ ਸਾਈਜ਼ ਦੀਆਂ ਤਿੰਨ ਨਵੀਆਂ ਰੰਗਦਾਰ ਫੋਟੋਆਂ
- ਯੂਨੀਵਰਸਿਟੀ ਵਲੋਂ ਨਿਰਧਾਰਿਤ ਮਿਤੀ ਤੱਕ ਪੂਰਾ ਫਾਰਮ ਭਰਨ ਉਪਰੰਤ ਦਾਖਲਾ ਕਰਵਾਉਣਾ ਲਾਜ਼ਮੀ ਹੋਵੇਗਾ। ਅਧੂਰੇ ਦਾਖਲਾ ਫਾਰਮ ਤੇ ਵਿਚਾਰ ਨਹੀਂ ਕੀਤਾ ਜਾਵੇਗਾ ।
- ਗ਼ਲਤ ਦਸਤਾਵੇਜ਼ ਜਾਂ ਗ਼ਲਤ ਬਿਆਨ ਦੇ ਕੇ ਦਾਖਲਾ ਪ੍ਰਾਪਤ ਕਰਨ ਵਾਲੀਆਂ ਵਿਦਿਆਰਥਣਾਂ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ ਅਤੇ ਦਾਖਲਾ ਰੱਦ ਕਰ ਦਿੱਤਾ ਜਾਵੇਗਾ ।
- ਯੂਨੀਵਰਸਿਟੀ ਵਲੋਂ ਨਿਰਧਾਰਿਤ 75% ਹਾਜਰੀਆਂ ਦੀ ਸ਼ਰਤ ਨਾ ਪੂਰੀ ਕਰਨ ਦੀ ਸੂਰਤ ਵਿੱਚ ਇਮਤਿਹਾਨ ਲਈ ਅਯੋਗ ਕਰਾਰ ਦਿੱਤਾ ਜਾਵੇਗਾ ।
- ਕਾਲਜ ਅਨੁਸ਼ਾਸਨ ਭੰਗ ਕਰਨ ਜਾਂ ਕਿਸੇ ਹੋਰ ਕਾਰਨ ਜੇਕਰ ਵਿਦਿਆਰਥਣ ਦਾ ਦਾਖਲਾ ਰੱਦ ਹੁੰਦਾ ਹੈ ਜਾਂ ਨਾਮ ਕੱਟਿਆ ਜਾਦਾਂ ਹੈ ਤਾਂ ਉਸਦੀ ਦਾਖਲਾ ਫੀਸ ਕਿਸੇ ਵੀ ਹਾਲਤ ਵਿੱਚ ਵਾਪਸ ਨਹੀਂ ਹੋਵੇਗੀ।
- ਫੀਸ ਨਿਰਧਾਰਤ ਕਿਸ਼ਤਾਂ ਵਿਚ ਲਈ ਜਾਵੇਗੀ। ਨਿਰਧਾਰਿਤ ਮਿਤੀ ਤੋਂ ਬਾਅਦ ਪ੍ਰਤੀ ਦਿਨ ਜੁਰਮਾਨੇ ਨਾਲ ਫੀਸ ਜਮਾਂ ਹੋਵੇਗੀ ।
- ਫੀਸ ਨਾਲ ਸਬੰਧਤ ਮਸਲੇ (ੳ) ਰਸੀਦ ਕੱਟ ਕੇ ਭਰੀ ਹੋਈ ਫੀਸ ਵਾਪਸ ਨਹੀਂ ਹੋਵੇਗੀ।
  (ਅ) ਰਸੀਦ ਕੱਟ ਕੇ ਭਰੀ ਹੋਈ ਰਜਿਸਟ੍ਰੇਸ਼ਨ ਫੀਸ ਵਾਪਸ ਨਹੀਂ ਹੋਵੇਗੀ।

## ਜ਼ਰੂਰੀ ਹਦਾਇਤਾਂ

- ਕਾਲਜ ਵਿਖੇ ਅਨੁਸ਼ਾਸਨ ਵਿਚ ਰਹਿਣਾ ਹਰੇਕ ਵਿਦਿਆਰਥਣ ਦੀ ਨੈਤਿਕ ਜ਼ਿੰਮੇਵਾਰੀ ਹੈ।
- ਹਰੇਕ ਵਿਦਿਆਰਥਣ ਲਈ ਨਿਸ਼ਚਿਤ ਦਿਨਾਂ ਵਿੱਚ ਵਰਦੀ ਪਾਉਣਾ, ਸ਼ਨਾਖਤੀ ਕਾਰਡ ਰੋਜ਼ਾਨਾ ਲਿਆਉਣਾ,ਸਮੇਂ ਸਿਰ ਜਮਾਤ ਵਿੱਚ ਜਾਣਾ, ਵਿਸ਼ੇ-ਵਾਰ ਕਲਾਸ ਟੈਸਟ ਦੇਣਾ, ਹਾਉਸ ਟੈਸਟ ਦੇਣਾ, ਅਸਾਈਨਮੈਂਟ ਤਿਆਰ ਕਰਨੀਆਂ ਅਤਿ ਜ਼ਰੂਰੀ ਹਨ।
- ਯੂਨੀਵਰਸਿਟੀ ਵੱਲੋਂ ਨਿਰਧਾਰਿਤ ਅਸੈਸਮੈਂਟ ਵਿਦਿਆਰਥਣ ਦੇ ਅਨੁਸ਼ਾਸਨ, ਹਾਜ਼ਰੀ, ਵਿੱਦਿਅਕ ਮਿਆਰ, ਹੋਰ ਗਤੀਵਿਧੀਆਂ (ਖੇਡਾਂ, ਸਭਿਆਚਾਰਕ, ਧਾਰਮਿਕ) ਦੀਆਂ ਪ੍ਰਾਪਤੀਆਂ ਦੇ ਆਧਾਰ ’ਤੇ ਲਗਾਈ ਜਾਵੇਗੀ।
- ਵਿਦਿਆਰਥਣਾਂ ਦੇ ਮਾਪੇ ਜਾਂ ਰਿਸ਼ਤੇਦਾਰ ਨਿਰਧਾਰਤ ਰਜਿਸਟਰ ਵਿੱਚ ਗੇਟ ਐਂਟਰੀ ਕਰਨ ਉਪਰੰਤ ਹੀ ਕਾਲਜ ਅੰਦਰ ਆ ਸਕਣਗੇ।
- ਦਸ ਦਿਨਾਂ ਤੋਂ ਵੱਧ ਦਿਨਾਂ ਲਈ ਗ਼ੈਰ-ਹਾਜਰ ਰਹਿਣ ’ਤੇ ਦਾਖ਼ਲਾ ਰੱਦ ਕਰ ਦਿੱਤਾ ਜਾਵੇਗਾ। ਛੁੱਟੀ ਲੈਣ ਲਈ ਬਿਨੈ-ਪੱਤਰ ਭੇਜਣਾ ਜ਼ਰੂਰੀ ਹੋਵੇਗਾ।
- ਰੈਗਿੰਗ ਕਰਨਾ ਜੁਰਮ ਹੈ, ਇਸ ਲਈ ਜੇ ਕੋਈ ਵਿਦਿਆਰਥਣ ਸਕੂਲ/ਕਾਲਜ/ਹੋਸਟਲ ਵਿਖੇ ਰੈਗਿੰਗ ਕਰਦੀ ਪਾਈ ਜਾਂਦੀ ਹੈ ਤਾਂ ਉਸ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ, ਵਿਦਿਆਰਥਣ ਮੁਅੱਤਲ ਕਰ ਦਿੱਤੀ ਜਾਵੇਗੀ ਅਤੇ ਪੁਲਿਸ ਰਿਪੋਰਟ ਦਰਜ ਕਰਵਾਈ ਜਾਵੇਗੀ।
- ਪ੍ਰਿੰਸੀਪਲ ਨੂੰ ਅਧਿਕਾਰ ਹੈ ਕਿ ਉਹ ਬਿਨਾਂ ਕਾਰਣ ਦੱਸੇ ਦਾਖ਼ਲਾ ਰੱਦ ਕਰ ਸਕਦੇ ਹਨ।
- ਪ੍ਰਿੰਸੀਪਲ/ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਆਗਿਆ ਅਨੁਸਾਰ ਨਿਯਮਾਂ ਵਿੱਚ ਤਬਦੀਲੀ ਕੀਤੀ ਜਾ ਸਕਦੀ ਹੈ।
- ਮਾਪਿਆਂ ਲਈ ਵਿਸ਼ੇਸ਼ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਸਮੇਂ-ਸਮੇਂ ’ਤੇ ਸਕੂਲ/ਕਾਲਜ ਵੱਲੋਂ ਕੀਤੀ ਜਾਂਦੀ “ਮਾਪੇ-ਅਧਿਆਪਕ ਮੀਟਿੰਗ” ਵਿੱਚ ਸ਼ਾਮਲ ਹੋਣ ਅਤੇ ਆਪਣੀ ਬੱਚੀ ਦੀ ਸਰਵ-ਪੱਖੀ ਰਿਪੋਰਟ ਲੈਣ।
- ਜੇਕਰ ਕਿਸੇ ਵਿਦਿਆਰਥਣ ਦੀ ਕਿਸੇ ਵੀ ਕਿਸਮ ਦੀ ਕੋਈ ਵੀ ਸਮੱਸਿਆ ਜਾਂ ਵਿਸ਼ੇਸ਼ ਲੋੜ ਹੈ ਤਾਂ ਮਾਪੇ ਕਲਾਸ ਇੰਚਾਰਜ/ਪ੍ਰਿੰਸੀਪਲ ਨੂੰ ਮਿਲ ਸਕਦੇ ਹਨ।

ਨੋਟ: ਦਾਖਲੇ ਸੰਬੰਧੀ ਸਾਰੇ ਨਿਯਮ ਬੋਰਡ ਅਤੇ ਯੂਨੀਵਰਸਿਟੀ ਵਲੋਂ ਨਿਰਧਾਰਿਤ ਹੋਣਗੇ। ਹੋਰ ਬੋਰਡਾਂ ਤੋਂ ਆਏ ਵਿਦਿਆਰਥੀਆਂ ਲਈ ਆਪਣਾ ਮਾਈਗ੍ਰੇਸ਼ਨ ਸਰਟੀਫਿਕੇਟ ਜਮ੍ਹਾਂ ਕਰਵਾਉਣ ਦੀ ਜ਼ਿੰਮੇਵਾਰੀ ਖੁਦ ਵਿਦਿਆਰਥੀ ਦੀ ਹੋਵੇਗੀ।

**ਅਸੈਂਬਲੀ ਵਿਚ ਹਾਜ਼ਰੀ ਜ਼ਰੂਰੀ ਹੈ। ਗ਼ੈਰਹਾਜ਼ਰ ਹੋਣ ਦੀ ਸੂਰਤ ਵਿਚ ਕਾਲਜ ਨਿਯਮਾਂ ਤਹਿਤ ਅਨੁਸ਼ਾਸਨੀ ਕਾਰਵਾਈ ਹੋਣੀ ਲਾਜ਼ਮੀ ਹੈ।**

# ਧਰਮ ਪ੍ਰਚਾਰ ਕਮੇਟੀ
# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ
# ਦੇ ਉੱਦਮੀ ਯਤਨਾਂ ਸਦਕਾ

## ਮਾਤਾ ਨਾਨਕੀ ਜੀ ਅਕਾਦਮਿਕ ਅਤੇ ਧਾਰਮਿਕ ਮੁਫਤ ਵਿੱਦਿਆ ਯੋਜਨਾ

**(ਸੈਸ਼ਨ 2025-26)**

**10+1 / ਬੀ.ਏ. / ਬੀ.ਸੀ.ਏ. / ਬੀ.ਕਾਮ. / ਬੀ.ਐਸ.ਸੀ. (ਕੇਵਲ ਐਂਟਰੀ ਪੁਆਇੰਟ ਕਲਾਸਾਂ ਲਈ)**

| ਦਾਖ਼ਲਿਆਂ ਲਈ ਰਾਖਵਾਂ ਕੋਟਾ | ਸੀਟਾਂ (ਪ੍ਰਤੀਸ਼ਤ) |
|---|---|
| ਰਾਗੀ, ਢਾਡੀ, ਪ੍ਰਚਾਰਕਾਂ, ਗ੍ਰੰਥੀ ਸਿੰਘਾਂ ਦੀਆਂ ਗੁਰਸਿੱਖ ਲੜਕੀਆਂ ਲਈ | 10% |
| ਆਰਥਿਕ ਤੌਰ 'ਤੇ ਕਮਜ਼ੋਰ ਗੁਰਸਿੱਖ ਪਰਿਵਾਰਾਂ ਦੀਆਂ ਲੜਕੀਆਂ ਲਈ | 5% |
| ਪੰਜਾਬ ਦੀਆਂ ਗੁਰਸਿੱਖ ਲੜਕੀਆਂ ਲਈ | 25% |
| ਹੋਰ ਰਾਜਾਂ ਦੀਆਂ ਗੁਰਸਿੱਖ ਲੜਕੀਆਂ ਲਈ | 60% |

★ ਦਾਖ਼ਲਾ ਧਰਮ ਪ੍ਰਚਾਰ ਕਮੇਟੀ ਅਤੇ ਡਾਇਰੈਕਟੋਰੇਟ ਆਫ਼ ਐਜੂਕੇਸ਼ਨ ਵੱਲੋਂ ਨਿਰਧਾਰਤ ਨਿਯਮਾਂ ਦੇ ਆਧਾਰ 'ਤੇ ਕੀਤਾ ਜਾਵੇਗਾ।

★ ਇਹਨਾਂ ਵਿਦਿਆਰਥਣਾਂ ਦੀ ਪੜ੍ਹਾਈ, ਰਿਹਾਇਸ਼ ਅਤੇ ਖਾਣੇ ਦਾ ਖਰਚ ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ ਕੀਤਾ ਜਾਵੇਗਾ।

★ ਧਾਰਮਿਕ ਸਿੱਖਿਆ ਲਾਜ਼ਮੀ ਹੋਵੇਗੀ।

★ ਇਸ ਯੋਜਨਾ ਅਧੀਨ ਦਾਖ਼ਲਾ ਨਿਯਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਵਲੋਂ ਨਿਰਧਾਰਿਤ ਕੀਤੇ ਜਾਣਗੇ।

## ਹੋਸਟਲ ਦੇ ਨਿਯਮ

1. ਹੋਸਟਲ ਵਿਦਿਆਰਥਣ ਮਹੀਨੇ ਵਿਚ ਇਕ ਵਾਰ ਹੀ ਘਰ ਜਾ ਸਕਦੀ ਹੈ।
2. ਵਿਦਿਆਰਥਣ ਕਿਸੇ ਕਿਸਮ ਦਾ ਬਿਜਲੀ ਦਾ ਸਮਾਨ, ਹੋਸਟਲ ਵਿਚ ਨਹੀਂ ਰੱਖ ਸਕਦੀ ਅਜਿਹਾ ਕਰਨ ਤੇ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।
3. ਕਾਲਜ ਸਮੇਂ ਦੌਰਾਨ ਕੋਈ ਵੀ ਵਿਦਿਆਰਥਣ ਹੋਸਟਲ ਵਿਚ ਪ੍ਰਵੇਸ਼ ਨਹੀਂ ਕਰੇਗੀ।
4. ਵਿਦਿਆਰਥਣ ਨੂੰ ਮਿਲਣ ਵਾਲੇ (ਔਰਤ ਜਾਂ ਆਦਮੀ) ਕਾਲਜ ਵੱਲੋਂ ਜਾਰੀ ਕੀਤੇ ਸ਼ਨਾਖਤੀ ਕਾਰਡ ਤੋਂ ਬਿਨਾਂ ਹੋਸਟਲ ਅੰਦਰ ਨਹੀਂ ਆ ਸਕਦੇ।
5. ਸ਼ਾਮ 6:00 ਵਜੇ ਤੋਂ ਬਾਅਦ ਮਾਪੇ ਵਿਦਿਆਰਥਣ ਨੂੰ ਮਿਲਣ ਜਾਂ ਛੱਡਣ ਨਹੀਂ ਆਉਣਗੇ।
6. ਮਾਪਿਆਂ ਨਾਲ ਮਿਲਣੀ ਸਿਰਫ਼ ਐਤਵਾਰ ਦੇ ਦਿਨ ਹੀ ਹੋਵੇਗੀ।
7. ਹੋਸਟਲ ਵਿਦਿਆਰਥਣ ਕੋਲੋਂ ਇਤਰਾਜ਼ਯੋਗ ਸਮੱਗਰੀ ਫੜੇ ਜਾਣ ਤੇ ਉਸ ਵਿਰੁੱਧ ਅਨੁਸ਼ਾਸਨੀ ਕਾਰਵਾਈ ਅਤੇ ਜੁਰਮਾਨਾ ਕੀਤਾ ਜਾਵੇਗਾ।
8. ਹੋਸਟਲ ਦੀ ਹੱਦ ਅੰਦਰ ਕੋਈ ਵਿਦਿਆਰਥਣ ਨਿੱਜੀ ਪਾਰਟੀ ਨਹੀਂ ਕਰੇਗੀ ਅਤੇ ਨਾ ਹੀ ਪਾਰਟੀ ਕਰਨ ਲਈ ਵਿਦਿਆਰਥਣਾਂ ਨੂੰ ਬਾਹਰ ਜਾਣ ਦੀ ਇਜਾਜ਼ਤ ਮੰਗਣਗੀਆਂ। ਜਿਸ ਵਿਦਿਆਰਥਣ ਨੇ ਪਾਰਟੀ ਲਈ ਬਾਹਰ ਜਾਣਾ ਹੈ ਉਹ ਸਿਰਫ਼ ਮਾਪਿਆਂ ਨਾਲ ਹੀ ਜਾ ਸਕੇਗੀ। • ਵਿਦਿਆਰਥੀਆਂ ਦਾ ਗਰੁੱਪ ਬਣਾ ਕੇ ਹਫ਼ਤੇ ਵਿਚ ਗਰੁੱਪ ਅਨੁਸਾਰ ਬਜ਼ਾਰ ਦੀ ਜ਼ਰੂਰੀ ਖਰੀਦਦਾਰੀ ਵਾਸਤੇ ਵਾਰਡਨ ਸਾਹਿਬਾ ਦੀ ਨਿਗਰਾਨੀ ਹੇਠ ਭੇਜਿਆ ਜਾ ਸਕਦਾ ਹੈ।
9. ਸ਼ਾਮ ਦੀ ਅਟੈਂਡੈਂਸ (ਹਾਜ਼ਰੀ) ਪ੍ਰਤੇਕ ਵਿਦਿਆਰਥੀ ਵਿਅਕਤੀਗਤ ਰੂਪ ਵਿਚ ਲਗਵਾਏਗਾ।
10. ਕਿਸੇ ਵੀ ਡੇ-ਸਕਾਲਰ ਬੱਚੇ ਨੂੰ ਬਿਨਾਂ ਆਗਿਆ ਹੋਸਟਲ ਵਿਚ ਰਹਿਣ ਨਹੀਂ ਦਿੱਤਾ ਜਾਵੇਗਾ।
11. ਮਾਤਾ ਨਾਨਕੀ ਜੀ ਅਕਾਦਮਿਕ ਅਤੇ ਧਾਰਮਿਕ ਮੁਫ਼ਤ ਵਿਦਿਆ ਯੋਜਨਾ ਅਧੀਨ ਦਾਖਲ ਹੋਈਆਂ ਵਿਦਿਆਰਥਣਾਂ ਲਈ ਧਰਮ ਪ੍ਰਚਾਰ ਕਮੇਟੀ ਵੱਲੋਂ ਜਾਰੀ ਕੀਤੀਆਂ ਹਦਾਇਤਾਂ ਅਤੇ ਨਿਯਮਾਂ ਦੀ ਇਨ-ਬਿਨ ਪਾਲਣਾ ਕਰਨਾ ਅਤਿ ਜ਼ਰੂਰੀ ਹੈ।
12. ਹੋਸਟਲ ਵਿਦਿਆਰਥਣਾਂ ਨੂੰ ਕਾਲਜ ਹੋਸਟਲ ਤੋਂ ਲੈ ਕੇ ਜਾਣ ਅਤੇ ਛੱਡਣ ਦੀ ਜ਼ਿੰਮੇਵਾਰੀ ਮਾਪਿਆਂ ਦੀ ਹੋਵੇਗੀ।
13. ਕੋਈ ਪੇਡ ਵਿਦਿਆਰਥੀ ਬਿਨਾਂ ਕਿਰਾਇਆ ਤੇ ਮੇਸ ਫੀਸ ਜਮ੍ਹਾਂ ਕਰਵਾਏ ਤੋਂ ਬਿਨਾਂ ਹਾਸਟਲ ਵਿਚ ਦਾਖਲ ਨਹੀਂ ਹੋ ਸਕੇਗਾ। ਇਸ ਸਬੰਧੀ ਕਲਰਕ ਅਤੇ ਵਾਰਡਨ ਜ਼ਿੰਮੇਵਾਰ ਹੋਣਗੇ।

ਨੋਟ : ਹਰ ਵਿਦਿਆਰਥਣ ਹੋਸਟਲ ਨਿਯਮਾਂ ਦੀ ਹੂ-ਬ-ਹੂ ਪਾਲਣਾ ਕਰੇਗੀ। ਅਜਿਹਾ ਨਾ ਕਰਨ ਦੀ ਸੂਰਤ ਵਿਚ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।

**Hostel Warden**
**Asstt. Prof. Sarbjeet Kaur (84278-64588)**

**Hostel Clerk**
**S. Parminder Singh (84278-94100)**

## ਫ਼ੀਸ ਦੀ ਅਦਾਇਗੀ ਦੇ ਨਿਯਮ

ਕਾਲਜ ਵਿਚ ਦਾਖਲਾ ਲੈਣ ਵਾਲੇ ਵਿਦਿਆਰਥੀ ਦੋ ਨਿਰਧਾਰਿਤ ਕਿਸ਼ਤਾਂ ਵਿਚ ਫ਼ੀਸ ਭਰਨਗੇ। ਵੈਨ ਦੀ ਸੁਵਿਧਾ ਲੈਣ ਵਾਲੇ ਵਿਦਿਆਰਥੀ ਨਿਰਧਾਰਿਤ ਦੋ ਕਿਸ਼ਤਾਂ ਅਨੁਸਾਰ ਸਮੇਂ ਸਿਰ ਫ਼ੀਸ ਦੀ ਅਦਾਇਗੀ ਕਰਨਗੇ। ਪ੍ਰੈਕਟੀਕਲ ਵਿਸ਼ਾ ਲੈਣ ਵਾਲੇ ਵਿਦਿਆਰਥੀ ਵੱਖਰੇ ਤੌਰ 'ਤੇ ਪ੍ਰੈਕਟੀਕਲ ਫ਼ੀਸ ਵੀ ਭਰਨਗੇ। ਸਮੈਸਟਰ ਦੀ ਫ਼ੀਸ ਯੂਨੀਵਰਸਿਟੀ/ਬੋਰਡ ਤੋਂ ਨਿਰਧਾਰਿਤ ਪ੍ਰੀਖਿਆ ਫ਼ੀਸ ਤੋਂ ਵੱਖਰੀ ਹੋਵੇਗੀ। ਫ਼ੀਸ ਨਿਰਧਾਰਿਤ ਮਿਤੀਆਂ ਨੂੰ ਹੀ ਭਰਨੀ ਹੋਵੇਗੀ। ਲੇਟ ਫੀਸ ਭਰਨ ਤੇ ਪ੍ਰਤੀ ਦਿਨ ਜੁਰਮਾਨਾ ਪਵੇਗਾ। ਫ਼ੀਸ ਸਲਿਪਾਂ ਸਾਂਭਣ ਦੀ ਜ਼ਿੰਮੇਵਾਰੀ ਵਿਦਿਆਰਥੀ ਦੀ ਖ਼ੁਦ ਦੀ ਹੋਵੇਗੀ।

ਨੋਟ : ਐਸ.ਸੀ., ਓ.ਬੀ.ਸੀ. ਅਤੇ ਐਸ.ਟੀ. ਵਿਦਿਆਰਥੀਆਂ ਕੋਲੋਂ ਨਿਯਮਾਂ ਅਨੁਸਾਰ ਫੀਸ ਵਸੂਲ ਕੀਤੀ ਜਾਵੇਗੀ। ਵਿਦਿਆਰਥਣਾਂ ਦੇ ਵਜ਼ੀਫ਼ਾਂ ਫਾਰਮ ਭਰਵਾਏ ਜਾਣਗੇ ਅਤੇ ਇਨ੍ਹਾਂ ਦੇ ਬੈਂਕ ਖਾਤਿਆਂ ਵਿਚ ਸਰਕਾਰ ਵਲੋਂ ਰਕਮ ਭੇਜੀ ਜਾਵੇਗੀ। ਸਕੂਲ/ਕਾਲਜ ਵਿਦਿਆਰਥਣਾਂ ਜੋ ਕਿ ਅੰਮ੍ਰਿਤਧਾਰੀ ਹਨ ਅਤੇ ਉਨ੍ਹਾਂ ਦੇ ਮਾਪੇ ਵੀ ਅੰਮ੍ਰਿਧਾਰੀ ਹਨ ਉਨ੍ਹਾਂ ਨੂੰ ਫ਼ੀਸ ਵਿਚੋਂ ਐਸ.ਜੀ.ਪੀ.ਸੀ. ਦੇ ਨਿਯਮਾਂ ਅਨੁਸਾਰ ਛੋਟ ਦਿੱਤੀ ਜਾਵੇਗੀ।

## ਸ਼ਨਾਖਤੀ ਕਾਰਡ

- ਹਰ ਵਿਦਿਆਰਥੀ ਨੂੰ ਸ਼ਨਾਖਤੀ ਕਾਰਡ ਕਾਲਜ ਵੱਲੋਂ ਦਿੱਤਾ ਜਾਵੇਗਾ। ਇਹ ਸ਼ਨਾਖਤੀ ਕਾਰਡ ਵਿਦਿਆਰਥੀ ਲਈ ਹਰ ਸਮੇਂ ਆਪਣੇ ਕੋਲ ਰੱਖਣਾ ਜ਼ਰੂਰੀ ਹੈ। ਕਿਸੇ ਵੀ ਕਾਲਜ ਅਧਿਕਾਰੀ ਦੁਆਰਾ ਮੰਗੇ ਜਾਣ 'ਤੇ ਇਹ ਕਾਰਡ ਦਿਖਾਉਣਾ ਪਵੇਗਾ। ਬਗੈਰ ਸ਼ਨਾਖਤੀ ਕਾਰਡ ਤੋਂ ਕਾਲਜ ਆਉਣ ਤੇ ਵਿਦਿਆਰਥੀ ਨੂੰ 100/- ਰੁਪਏ ਜੁਰਮਾਨਾ ਹੋ ਸਕਦਾ ਹੈ।
- ਲਾਇਬ੍ਰੇਰੀ ਦੀਆਂ ਪੁਸਤਕਾਂ ਲੈਣ ਲਈ ਇਹ ਸ਼ਨਾਖਤੀ ਕਾਰਡ ਅਤਿ ਜ਼ਰੂਰੀ ਹੈ।
- ਸ਼ਨਾਖਤੀ ਕਾਰਡ ਗੁੰਮ ਜਾਣ ਦੀ ਸੂਰਤ ਵਿਚ ਤੁਰੰਤ ਲਾਇਬ੍ਰੇਰੀਅਨ ਨੂੰ ਲਿਖਤੀ ਸੂਚਨਾ ਦਿੱਤੀ ਜਾਵੇ ਅਤੇ ਦੁਬਾਰਾ ਫ਼ੀਸ ਜਮ੍ਹਾਂ ਕਰਵਾ ਕੇ ਨਵਾਂ ਸ਼ਨਾਖਤੀ ਕਾਰਡ ਹਾਸਲ ਕੀਤਾ ਜਾਵੇ।

## UNIFORM FOR COLLEGE & SCHOOL

- **Salwar Suit - White**
- **Dupatta - Navy Blue and Saffron**
- **Shoes - Black**
- **Winter - Navy Blue Blazer**

ਨੋਟ: ਯੂਨੀਫਾਰਮ ਨਿਰਧਾਰਿਤ ਦਿਨਾਂ ਵਿਚ ਪਾਉਣੀ ਲਾਜ਼ਮੀ ਹੋਵੇਗੀ।
ਯੂਨੀਫਾਰਮ ਨਾ ਪਾਉਣ ਦੀ ਸੂਰਤ ਵਿਚ ਨਿਯਮਾਂ ਅਨੁਸਾਰ ਅਨੁਸ਼ਾਸਨੀ ਕਾਰਵਾਈ ਹੋਵੇਗੀ।





# COLLEGE AT A GLANCE
# ਕਾਲਜ ਦੀਆਂ ਵਿਸ਼ੇਸ਼ਤਾਵਾਂ

## ਲਾਇਬ੍ਰੇਰੀ



ਕਾਲਜ ਵਿੱਚ ਵਧੀਆ ਅਤੇ ਵਿਸ਼ਾਲ ਪੁਸਤਕਾਲਾ ਸਥਾਪਿਤ ਕੀਤਾ ਗਿਆ ਹੈ, ਜਿਸ ਵਿਚ 11000 ਦੇ ਕਰੀਬ ਗਿਆਨ ਨਾਲ ਭਰਪੂਰ ਪੁਸਤਕਾਂ ਹਨ ਇਸ ਤੋਂ ਇਲਾਵਾ ਰੋਜ਼ਾਨਾ ਅਖਬਾਰਾਂ ਅਤੇ ਵੱਖ-ਵੱਖ ਵਿਸ਼ਿਆਂ ਨਾਲ ਸਬਧੰਤ ਮਾਸਿਕ ਪੱਤਰ ਉਪਲੱਬਧ ਹਨ। ਕਾਲਜ ਲਾਇਬ੍ਰੇਰੀ ਦੇ ਵਿਚ **INFLIBNET** ਦੀ ਸਹੂਲਤ ਵੀ ਮੁਹੱਈਆ ਕਰਵਾਈ ਗਈ ਹੈ ਤਾਂ ਜੋ ਵਿਦਿਆਰਥੀ **online** ਮੈਗਜ਼ੀਨ, ਪੁਸਤਕਾਂ ਆਦਿ ਦੀ ਸਹੂਲਤ ਹਾਸਲ ਕਰ ਸਕਣ।

## ਲੈਬਜ਼



ਕਾਲਜ ਵਿਖੇ ਆਧੁਨਿਕ ਸਹੂਲਤਾਂ ਨਾਲ ਲੈਸ ਇੰਟਰਨੈਟ ਦੀ ਸੁਵਿਧਾ ਸਮੇਤ, ਤਿੰਨ ਕੰਪਿਊਟਰ ਲੈਬਜ਼, ਹੋਮ ਸਾਇੰਸ ਲੈਬਜ਼ ਅਤੇ ਫਿਜ਼ਿਕਸ, ਕੈਮਿਸਟਰੀ ਅਤੇ ਬਾਇਓ ਲੈਬਜ਼ ਹਨ, ਜਿੱਥੇ ਵਿਦਿਆਰਥੀ ਆਪਣੇ ਵਿਸ਼ੇ ਨਾਲ ਸਬੰਧਿਤ ਵੱਖ-ਵੱਖ ਪ੍ਰਯੋਗ ਕਰਦੇ ਹਨ।

## ਸਮਾਰਟ ਕਲਾਸ ਰੂਮ, ICT ਲੈਬ, ਸੈਮੀਨਾਰ ਹਾਲ

ਆਧੁਨਿਕ ਯੁੱਗ ਦੀਆਂ ਨਵੀਆਂ ਜ਼ਰੂਰਤਾਂ ਦੇ ਅਨੁਸਾਰ ਕਾਲਜ ਕੈਂਪਸ ਵਿਚ ਇਹਨਾਂ ਸੁਵਿਧਾਵਾਂ ਸਦਕਾ ਨਵੀਆਂ ਟੀਚਿੰਗ ਮੈਥੋਡੋਲੋਜੀ ਦੇ ਵੱਖ-ਵੱਖ ਤਰੀਕਿਆਂ ਨੂੰ ਅਪਣਾ ਕੇ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਲਈ ਵਰਕਸ਼ਾਪ, ਲੈਕਚਰ ਅਤੇ ਟਰੇਡਿੰਗ ਸੈਸ਼ਨ ਆਯੋਜਿਤ ਕੀਤੇ ਜਾਂਦੇ ਹਨ।





## ਖੇਡ ਸਟੇਡੀਅਮ

ਵਿਦਿਆਰਥਣਾਂ ਦੇ ਸਰਬ-ਪੱਖੀ ਵਿਕਾਸ ਲਈ ਖੇਡਾਂ ਬਹੁਤ ਜ਼ਰੂਰੀ ਹਨ। ਕਾਲਜ ਕੋਲ ਖੁੱਲ੍ਹਾ ਤੇ ਵਿਸ਼ਾਲ ਖੇਡ ਸਟੇਡੀਅਮ ਹੈ। ਲੜਕੀਆਂ ਲਈ ਵਾਲੀਬਾਲ, ਬੈਡਮਿੰਟਨ, ਖੋ-ਖੋ, ਟੇਬਲ ਟੈਨਿਸ, ਐਥਲੈਟਿਕਸ ਅਤੇ ਹੋਰ ਖੇਡਾਂ ਕਰਵਾਉਣ ਦੇ ਪ੍ਰਬੰਧ ਹਨ। ਸਮਕਾਲੀ ਸਮੇਂ ਦੇ ਲੋੜ ਨੂੰ ਵੇਖਦਿਆਂ ਮਾਰਸ਼ਲ ਆਰਟ ਦੇ ਵਿਚ ਵਿਦਿਆਰਥਣਾਂ ਨੂੰ ਪਰਪੱਕ ਕਰਨ ਲਈ ਗੱਤਕੇ ਦੀ ਸਿਖਲਾਈ ਦਿੱਤੀ ਜਾਂਦੀ ਹੈ। ਕਾਲਜ ਦੀ ਗੱਤਕਾ ਟੀਮ ਅੰਤਰਰਾਸ਼ਟਰੀ ਪੱਧਰ ਤੇ ਨਾਮਣਾ ਖੱਟ ਚੁੱਕੀ ਹੈ।

## ਹੋਸਟਲ ਸੁਵਿਧਾ



ਕਾਲਜ ਵਿਖੇ ਦੂਰ-ਦੁਰਾਡੇ ਇਲਾਕਿਆਂ ਤੋਂ ਪੜ੍ਹਣ ਆਈਆਂ ਵਿਦਿਆਰਥਣਾਂ ਦੀ ਰਿਹਾਇਸ਼ ਲਈ ਆਧੁਨਿਕ ਸੁਵਿਧਾਵਾਂ ਨਾਲ ਲੈਸ ਹੋਸਟਲ ਦਾ ਖਾਸ ਪ੍ਰਬੰਧ ਹੈ। ਜਿਸ ਵਿਚ ਵਿਦਿਆਰਥਣਾਂ ਨੂੰ ਘਰ ਵਰਗਾ ਮਾਹੌਲ ਦਿੱਤਾ ਜਾਂਦਾ ਹੈ। ਵਿਦਿਆਰਥਣਾਂ ਲਈ ਆਓਟ-ਡੋਰ ਅਤੇ ਇਨ-ਡੋਰ ਖੇਡਾਂ ਦਾ ਪ੍ਰਬੰਧ ਹੈ। ਹੋਸਟਲ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਹੋਇਆ ਹੈ ਤਾਂ ਕਿ ਵਿਦਿਆਰਥਣਾਂ ਗੁਰਬਾਣੀ ਨਾਲ ਜੁੜ ਕੇ ਆਪਣੇ ਅਧਿਆਤਮਿਕ ਪੱਧਰ ਨੂੰ ਉੱਚਾ ਚੁੱਕ ਸਕਣ ਅਤੇ ਦੁਨਿਆਵੀ ਜੀਵਨ ਦੇ ਨਾਲ ਨਾਲ ਵਿਦਿਆਰਥਣਾਂ ਰੂਹਾਨੀਅਤ ਪ੍ਰਤੀ ਵੀ ਜਾਗਰੂਕ ਹੋ ਸਕਣ।

## ਵਿੱਦਿਅਕ ਟੂਰ

ਕਾਲਜ ਵਲੋਂ ਵੱਖ-ਵੱਖ ਸਮੇਂ 'ਤੇ ਵਿਦਿਆਰਥੀਆਂ ਲਈ ਵਿੱਦਿਅਕ ਅਤੇ ਇਤਿਹਾਸਕ ਟੂਰਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ।







## ਕੰਟੀਨ ਕਮ ਕੈਫੇਟੇਰੀਆ

ਸ. ਨਿਰਦੇਵ ਸਿੰਘ ਧਾਲੀਵਾਲ ਜੀ ਦੀ ਯਾਦ ਨੂੰ ਸਮਰਪਿਤ ਉਹਨਾਂ ਦੇ ਸੁਨੇਹੀ ਐਡਵੋਕੇਟ ਸ. ਗੁਰਜੀਤ ਸਿੰਘ (ਬਠਿੰਡਾ) ਵੱਲੋਂ ਕਾਲਜ ਕੈਂਪਸ ਵਿਖੇ ਕੰਟੀਨ ਕਮ ਕੈਫੇਟੇਰੀਆ ਦੀ ਉਸਾਰੀ ਕਰਵਾਈ ਗਈ ਹੈ।

## ਕਰਿਅਰ ਗਾਈਡੈਂਸ ਐਂਡ ਪਲੇਸਮੈਂਟ ਸੈੱਲ

ਵਿਦਿਆਰਥੀਆਂ ਨੂੰ ਜ਼ਿਲ੍ਹਾ ਰੋਜ਼ਗਾਰ ਦਫ਼ਤਰ ਅਤੇ ਵੱਖ-ਵੱਖ ਪਲੇਸਮੈਂਟ ਡਰਾਈਵਜ਼ ਵਿਚ ਭਾਗੀਦਾਰ ਬਣਾ ਕੇ ਉਨ੍ਹਾਂ ਨੂੰ ਭਵਿੱਖ ਵਿਚ ਰੋਜ਼ਗਾਰ ਅਵਸਰਾਂ ਬਾਰੇ ਸਮੇਂ-ਸਮੇਂ 'ਤੇ ਸੁਚੇਤ ਕੀਤਾ ਜਾਂਦਾ ਹੈ।



# NSS/Red Ribbon/Youth Club Activities



NSS Volunteers participating in a Cancer Awareness Walkathon on World Cancer Day



An extension lecture on World Mental Health Day by Life Coach Mr. S. Randeep Singh,



NSS volunteers taking a pledge on Communal Harmony Day



NSS volunteers leading a rally against drug abuse at the adopted village Bhagibandar



Cleanliness drive conducted under the Swachhta Hi Sewa Abhiyan at the adopted village Bhagibandar





NSS volunteers during a special visit to Mahant Gurvanta das School for the Deaf and Dumb, Bathinda.



Observation of World AIDS Day by NSS volunteers to raise awareness about prevention, care, and compassion



NSS volunteers actively participating in a Cleanliness Drive under the Swachhta Hi Sewa campaign



Unity March organized by the NSS Department, spreading the message of solidarity, peace, and collective responsibility



Wall painting activity carried out by NSS volunteers at the adopted village Bhagibandar



Old Age Home, Sri Mukatsar Sahib Visited by NSS volunteers



Tree Plantation Drive organized by the Eco Club within the college campus



Legal Aid Cell organized an Awareness Lecture on Women Protection



HIV/AIDS Awareness Lecture delivered by S. Amritpal Singh, Ayurvedic Consultant




Poster Making Competition organized by the Red Ribbon Club to spread awareness about HIV/AIDS.

# ਖੇਡ ਗਤੀਵਿਧੀਆਂ ਅਤੇ ਪ੍ਰਾਪਤੀਆਂ






**ਸ਼ਰਨਜੀਤ ਕੌਰ**
ਗੱਤਕਾ ਨੈਸ਼ਨਲ ਚੈਂਪੀਅਨਸ਼ਿਪ
ਗੋਲਡ ਮੈਡਲ ਟੀਮ ਡੈਮੋ
ਬਰਾਉਂਜ਼ ਮੈਡਲ ਸਿੰਗਲ ਸੋਟੀ ਵਿਅਕਤੀਗਤ
ਸਟੇਟ ਗੱਤਕਾ ਚੈਂਪੀਅਨਸ਼ਿਪ
ਸਿਲਵਰ ਮੈਡਲ ਸਿੰਗਲ ਸੋਟੀ
ਟੀਮ ਗੱਤਕਾ ਇੰਟਰ ਕਾਲਜ ਖੇਡਾਂ



**ਅਮਨਦੀਪ ਕੌਰ**
ਗੱਤਕਾ ਨੈਸ਼ਨਲ ਚੈਂਪੀਅਨਸ਼ਿਪ
ਸਿਲਵਰ ਮੈਡਲ ਫਰੀ
ਸੋਟੀ ਵਿਅਕਤੀਗਤ
ਗੋਲਡ ਮੈਡਲ ਫਰੀ ਸੋਟੀ
ਟੀਮ ਗੱਤਕਾ ਇੰਟਰ ਕਾਲਜ ਖੇਡਾਂ



**ਰਮਨਦੀਪ ਕੌਰ**
ਗੱਤਕਾ ਨੈਸ਼ਨਲ ਚੈਂਪੀਅਨਸ਼ਿਪ
ਬਰੋਨਜ਼ ਮੈਡਲ ਸਿੰਗਲ ਸੋਟੀ ਵਿਅਕਤੀਗਤ
ਸਿਲਵਰ ਮੈਡਲ ਫੁੱਲ ਸਟਰਾਇਕ ਫਰੀ ਸੋਟੀ
ਟੀਮ ਗੱਤਕਾ ਇੰਟਰ ਕਾਲਜ ਖੇਡਾਂ



**ਅਮਨਪ੍ਰੀਤ ਕੌਰ**
ਗੱਤਕਾ ਨੈਸ਼ਨਲ ਚੈਂਪੀਅਨਸ਼ਿਪ
ਸਿਲਵਰ ਮੈਡਲ ਫਰੀ ਸੋਟੀ ਵਿਅਕਤੀਗਤ
ਬਰੋਨਜ਼ ਮੈਡਲ ਫਰੀ ਸੋਟੀ ਟੀਮ ਗੱਤਕਾ
ਇੰਟਰ ਸਕੂਲ ਰਾਜ ਕਾਲਜ ਖੇਡਾਂ



**ਲਾਡੀਲੀ ਕੌਰ**
ਬ੍ਰੋਨਜ਼ ਮੈਡਲ ਫਰੀ ਸੋਟੀ ਟੀਮ ਗੱਤਕਾ
ਇੰਟਰ ਸਕੂਲ ਰਾਜ ਪੱਧਰ ਖੇਡਾਂ
ਗੋਲਡ ਮੈਡਲ ਫਰੀ ਸੋਟੀ ਟੀਮ ਗੱਤਕਾ
ਇੰਟਰ ਸਕੂਲ ਜ਼ਿਲ੍ਹਾ ਪੱਧਰ ਖੇਡਾਂ



**ਸਾਹਿਲਪ੍ਰੀਤ ਕੌਰ**
ਬ੍ਰੋਨਜ਼ ਮੈਡਲ ਫਰੀ ਸੋਟੀ ਟੀਮ ਗੱਤਕਾ
ਇੰਟਰ ਸਕੂਲ ਰਾਜ ਪੱਧਰ ਖੇਡਾਂ
ਗੋਲਡ ਮੈਡਲ ਫਰੀ ਸੋਟੀ ਟੀਮ ਗੱਤਕਾ
ਇੰਟਰ ਸਕੂਲ ਜ਼ਿਲ੍ਹਾ ਪੱਧਰ ਖੇਡਾਂ



**ਜਪਨੀਤ ਕੌਰ**
ਬ੍ਰੋਨਜ਼ ਮੈਡਲ ਸਿੰਗਲ ਸੋਟੀ ਟੀਮ ਗੱਤਕਾ
ਇੰਟਰ ਸਕੂਲ ਰਾਜ ਪੱਧਰ ਖੇਡਾਂ
ਗੋਲਡ ਮੈਡਲ ਸਿੰਗਲ ਸੋਟੀ ਟੀਮ ਗੱਤਕਾ
ਇੰਟਰ ਸਕੂਲ ਜ਼ਿਲ੍ਹਾ ਪੱਧਰ ਖੇਡਾਂ





**ਗੁਰਪ੍ਰੀਤ ਕੌਰ**
ਬ੍ਰੋਨਜ਼ ਮੈਡਲ ਸਿੰਗਲ ਸੋਟੀ ਟੀਮ ਗੱਤਕਾ
ਇੰਟਰ ਸਕੂਲ ਰਾਜ ਪੱਧਰ ਖੇਡਾਂ
ਗੋਲਡ ਮੈਡਲ ਸਿੰਗਲ ਸੋਟੀ ਟੀਮ ਗੱਤਕਾ
ਇੰਟਰ ਸਕੂਲ ਜ਼ਿਲ੍ਹਾ ਪੱਧਰ ਖੇਡਾਂ



**ਹਰਜੋਤ ਕੌਰ**
ਬ੍ਰੋਨਜ਼ ਮੈਡਲ ਸਿੰਗਲ ਸੋਟੀ ਟੀਮ ਗੱਤਕਾ
ਇੰਟਰ ਸਕੂਲ ਰਾਜ ਪੱਧਰ ਖੇਡਾਂ
ਗੋਲਡ ਮੈਡਲ ਸਿੰਗਲ ਸੋਟੀ ਟੀਮ ਗੱਤਕਾ
ਇੰਟਰ ਸਕੂਲ ਜ਼ਿਲ੍ਹਾ ਪੱਧਰ ਖੇਡਾਂ



**ਮਨਜੋਤ ਕੌਰ**
ਗੱਤਕਾ ਨੈਸ਼ਨਲ ਚੈਂਪੀਅਨਸ਼ਿਪ
ਗੋਲਡ ਮੈਡਲ ਟੀਮ ਡੈਮੋ
ਗੋਲਡ ਮੈਡਲ ਫਰੀ ਸੋਟੀ ਟੀਮ
ਗੱਤਕਾ ਇੰਟਰ ਕਾਲਜ ਖੇਡਾਂ



**ਸੁਖਸਿਮਰਨਪ੍ਰੀਤ ਕੌਰ**
ਸਿਲਵਰ ਮੈਡਲ
ਸਿੰਗਲ ਸੋਟੀ ਟੀਮ
ਗੱਤਕਾ ਇੰਟਰ ਕਾਲਜ ਖੇਡਾਂ



**ਜਸਪ੍ਰੀਤ ਕੌਰ**
ਸਿਲਵਰ ਮੈਡਲ
ਸਿੰਗਲ ਸੋਟੀ ਟੀਮ
ਗੱਤਕਾ ਇੰਟਰ ਕਾਲਜ ਖੇਡਾਂ



**ਰਸ਼ਨਪ੍ਰੀਤ ਕੌਰ**
ਸਿਲਵਰ ਮੈਡਲ
ਸਿੰਗਲ ਸੋਟੀ ਟੀਮ
ਗੱਤਕਾ ਇੰਟਰ ਕਾਲਜ ਖੇਡਾਂ



ਇੰਟਰ ਕਾਲਜ ਓਵਰਆਲ ਪਹਿਲਾ ਸਥਾਨ ਮਾਤਾ ਸਾਹਿਬ ਕੌਰ ਕਾਲਜ ਗੱਤਕਾ ਟੀਮ



**ਜਸ਼ਨਪ੍ਰੀਤ ਕੌਰ-ਕਾਜਲਪ੍ਰੀਤ ਕੌਰ**
ਗੱਤਕਾ ਟੀਮ ਕੈਪਟਨ
ਗੱਤਕਾ ਨੈਸ਼ਨਲ ਚੈਂਪੀਅਨਸ਼ਿਪ ਗੋਲਡ ਮੈਡਲ ਫਰੀ ਸੋਟੀ ਟੀਮ
ਗੋਲਡ ਮੈਡਲ ਵਿਅਕਤੀਗਤ ਪ੍ਰਦਰਸ਼ਨ
ਗੋਲਡ ਮੈਡਲ ਗੱਤਕਾ ਇੰਟਰ ਕਾਲਜ ਫਰੀ ਸੋਟੀ ਟੀਮ
ਗੋਲਡ ਮੈਡਲ ਗੱਤਕਾ ਇੰਟਰ ਕਾਲਜ ਫਰੀ ਸੋਟੀ ਵਿਅਕਤੀਗਤ
ਗੋਲਡ ਮੈਡਲ ਗੱਤਕਾ
ਓਲਓਵਰ ਇੰਡੀਆ ਇੰਟਰਵਸੀਟੀ ਫਰੀ ਸੋਟੀ ਟੀਮ





ਨਗਰ ਕੀਰਤਨ ਤਖ਼ਤ ਸ੍ਰੀ ਦਮਦਮਾ ਸਹਿਬ ਮਾਤਾ ਸਾਹਿਬ ਕੌਰ ਕਾਲਜ ਗੱਤਕਾ ਟੀਮ

# ਧਾਰਮਿਕ ਗਤੀਵਿਧੀਆਂ



ਨਵੇਂ ਸੈਸ਼ਨ 2025-26 ਦੀ ਆਰੰਭਤਾ ਸਮੇਂ ਗੁਰਮਤਿ ਸਮਾਗਮ ਦੌਰਾਨ
ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਜੀ ਸੰਬੋਧਨ ਕਰਦੇ ਹੋਏ



ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸੇਵਾ ਦੌਰਾਨ ਕਾਲਜ ਸਟਾਫ



ਕਾਲਜ ਦੀ ਗੱਤਕਾ ਟੀਮ ਐਸ.ਜੀ.ਪੀ.ਸੀ. ਪ੍ਰਧਾਨ
ਸ੍ਰ. ਹਰਜਿੰਦਰ ਸਿੰਘ ਧਾਮੀ ਜੀ ਨਾਲ



ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਕਾਲਜ ਸਟਾਫ ਨਾਲ ਵਿਦਿਆਰਥਣਾਂ



350 ਸਾਲਾ ਸ਼ਤਾਬਦੀਆਂ ਨੂੰ ਸਮਰਪਿਤ ਗੁਰਦੁਆਰਾ ਸਾਹਿਬ ਗੁਰੂਸਰ,
ਪਾਤਿਸ਼ਾਹੀ ਨੌਵੀਂ, ਹੰਡਿਆਇਆ, ਬਰਨਾਲਾ ਵਿਖੇ ਗੁਰਮਤਿ ਸਮਾਗਮ
ਵਿੱਚ ਧਾਰਮਿਕ ਪ੍ਰਦਰਸ਼ਨੀ ਦੌਰਾਨ ਸਟਾਫ਼ ਅਤੇ ਵਿਦਿਆਰਥਣਾਂ



ਮਾਤਾ ਸਾਹਿਬ ਕੌਰ ਜੀ ਦੇ ਜਨਮ ਦਿਹਾੜੇ ਸਬੰਧੀ ਗੁਰਮਤਿ ਸਮਾਗਮ ਸਮੇਂ



ਅਸੈਂਬਲੀ ਦੌਰਾਨ ਕਨਵੀਨਰ ਧਾਰਮਿਕ ਗਤੀਵਿਧੀਆਂ
ਸ੍ਰ. ਕੁਲਜੀਤ ਸਿੰਘ ਸਟਾਫ਼ ਅਤੇ ਵਿਦਿਆਰਥਣਾਂ ਨੂੰ ਸੰਬੋਧਨ ਕਰਦੇ ਹੋਏ



ਮਾਤਾ ਗੁਜਰ ਕੌਰ ਜੀ ਅਤੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ
ਸਮਰਪਿਤ ਸਮਾਗਮ ਦੌਰਾਨ ਕਥਾ ਵਿਚਾਰਾਂ



ਮਾਤਾ ਗੁਜਰ ਕੌਰ ਜੀ ਅਤੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ
ਸਮਰਪਿਤ ਗੁਰਮਤਿ ਚੇਤਨਾ ਮਾਰਚ



ਧੰਨ ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ
ਸਮਰਪਿਤ ਨਗਰ ਕੀਰਤਨ ਦੌਰਾਨ ਸਟਾਫ਼ ਅਤੇ ਵਿਦਿਆਰਥਣਾਂ

# ਸਭਿਆਚਾਰਕ ਗਤੀਵਿਧੀਆਂ ਅਤੇ ਪ੍ਰਾਪਤੀਆਂ

















# ਮਾਤਾ-ਪਿਤਾ ਅਤੇ ਅਧਿਆਪਕ ਮਿਲਣੀ








# ਵਿਦਿਆਰਥਣਾਂ ਲਈ ਵਜ਼ੀਫੇ

- **ਘੱਟ ਗਿਣਤੀ ਵਜ਼ੀਫ਼ਾ**

ਕਾਲਜ ਵੱਲੋਂ ਭਾਰਤੀ ਸੰਵਿਧਾਨ ਅਨੁਸਾਰ ਘੱਟ ਗਿਣਤੀਆਂ-ਸਿੱਖ, ਮੁਸਲਿਮ, ਇਸਾਈ, ਜੈਨੀ, ਬੋਧੀ, ਪਾਰਸੀ ਵਿਦਿਆਰਥੀਆਂ ਨੂੰ ਘੱਟ ਗਿਣਤੀ ਵਜ਼ੀਫ਼ੇ ਦੀ ਸੁਵਿਧਾ ਦਿੱਤੀ ਜਾਂਦੀ ਹੈ। ਇਸ ਸੁਵਿਧਾ ਦਾ ਲਾਭ ਲੈਣ ਦੇ ਇੱਛੁਕ ਵਿਦਿਆਰਥੀ ਉਪਲਬਧ ਫਾਰਮ ਭਰਕੇ ਲੋੜੀਂਦੇ ਦਸਤਾਵੇਜ਼ ਨੱਥੀ ਕਰਨ ਉਪਰੰਤ ਨਿਰਧਾਰਿਤ ਸਮੇਂ ਵਿਚ ਵਜ਼ੀਫ਼ਾ ਇੰਚਾਰਜ ਨੂੰ ਜਮ੍ਹਾਂ ਕਰਵਾਉਣਗੇ।

- **ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਲਈ ਵਜ਼ੀਫ਼ਾ**

ਜਿਹੜੇ ਵਿਦਿਆਰਥੀ (ਐਸ·ਸੀ·) ਦੇ ਮਾਤਾ–ਪਿਤਾ/ਸਰਪ੍ਰਸਤ ਦੀ ਸਲਾਨਾ ਆਮਦਨ 2.50 ਲੱਖ ਅਤੇ ਜਿਹੜੇ ਵਿਦਿਆਰਥੀ (ਓ·ਬੀ·ਸੀ·) ਦੇ ਮਾਤਾ–ਪਿਤਾ/ਸਰਪ੍ਰਸਤ ਦੀ ਸਾਲਾਨਾ ਆਮਦਨ ਇਕ ਲੱਖ ਤੋਂ ਘੱਟ ਹੈ ਉਹ ਵਜ਼ੀਫ਼ੇ ਦਾ ਉਮੀਦਵਾਰ ਬਣ ਸਕਦਾ ਹੈ। ਵਜ਼ੀਫ਼ੇ ਦੀ ਸਹੂਲਤ ਲੈਣ ਦੇ ਚਾਹਵਾਨ ਵਿਦਿਆਰਥੀ ਉਪਲੱਬਧ ਫਾਰਮ ਨਾਲ ਲੋੜੀਂਦੇ ਦਸਤਾਵੇਜ਼ ਲਗਾਕੇ ਸੰਬੰਧਤ ਵਜ਼ੀਫ਼ਾ ਇੰਚਾਰਜ ਕੋਲ ਨਿਰਧਾਰਿਤ ਸਮੇਂ ਵਿਚ ਜਮ੍ਹਾਂ ਕਰਵਾਉਣਗੇ ਤਾਂ ਹੀ ਉਹਨਾਂ ਦਾ ਫਾਰਮ ਅੱਗੇ ਕਾਰਵਾਈ ਲਈ ਭੇਜਿਆ ਜਾਵੇਗਾ।

- **ਅਪਾਹਜ ਵਿਦਿਆਰਥੀਆਂ ਲਈ ਵਜ਼ੀਫ਼ਾ**

ਸਕੂਲ/ਕਾਲਜ ਵਿਚ ਪੜ੍ਹਨ ਵਾਲੀਆਂ ਅਪਾਹਜ ਵਿਦਿਆਰਥਣਾਂ ਲਈ ਵਿਸ਼ੇਸ਼ ਵਜ਼ੀਫ਼ੇ ਦੀ ਸੁਵਿਧਾ ਉਪਲੱਬਧ ਹੈ। ਯੋਗ ਵਿਦਿਆਰਥੀ ਨਿਰਧਾਰਿਤ ਪ੍ਰੋਫਾਰਮਾਂ ਲੋੜੀਂਦੇ ਦਸਤਾਵੇਜ਼ਾਂ ਸਮੇਤ ਭਰਕੇ ਨਿਰਧਾਰਿਤ ਸਮੇਂ ਵਿਚ ਵਜ਼ੀਫ਼ਾ ਇੰਚਾਰਜ ਕੋਲ ਜਮ੍ਹਾਂ ਕਰਵਾਉਣਗੇ।

1. ਪਿਛਲੀ ਜਮਾਤ ਵਿਚ ਘੱਟੋ ਘੱਟ 50% ਅੰਕ।
2. ਘੱਟੋ–ਘੱਟ 75% ਫ਼ੀਸਦੀ ਅਪਾਹਜ ਦਾ ਸਰਟੀਫਿਕੇਟ।

- **ਧਾਰਮਿਕ ਪ੍ਰੀਖਿਆ ਵਜ਼ੀਫ਼ਾ**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਲਈ ਜਾਣ ਵਾਲੀ ਧਾਰਮਿਕ ਪ੍ਰੀਖਿਆ ਵਿਚੋਂ 70% ਤੋਂ ਜ਼ਿਆਦਾ ਮੈਰਿਟ ਦੇ ਵਿਦਿਆਰਥੀਆਂ ਨੂੰ ਵਜ਼ੀਫ਼ੇ ਦੇ ਲਾਭ ਪ੍ਰਾਪਤ ਹੁੰਦੇ ਹਨ। ਇਹਨਾਂ ਵਜ਼ੀਫ਼ਿਆਂ ਦੇ ਕੁਲ ਚਾਰ ਦਰਜੇ ਹਨ। ਪਹਿਲਾ ਦਰਜਾ (6ਵੀਂ ਕਲਾਸ ਤੱਕ), ਦੂਜਾ ਦਰਜਾ (9ਵੀਂ ਕਲਾਸ ਤੋਂ 12ਵੀਂ ਕਲਾਸ ਤੱਕ) ਤੀਜਾ ਦਰਜਾ (ਗ੍ਰੈਜੁਏਸ਼ਨ) ਚੌਥਾ ਦਰਜਾ (ਪੋਸਟ ਗ੍ਰੈਜੁਏਸ਼ਨ)। ਦੂਜੇ ਦਰਜੇ ਦੇ ਵਿਦਿਆਰਥੀਆਂ ਨੂੰ 2100/– ਰੁਪਏ, ਤੀਜੇ ਦਰਜੇ ਵਿਚ 3100/– ਰੁਪਏ ਅਤੇ ਚੌਥੇ ਦਰਜੇ ਵਿਚ 4100/– ਰੁਪਏ ਦੀ ਰਕਮ ਦਿੱਤੀ ਜਾਂਦੀ ਹੈ।

- **ਨਿਸ਼ਕਾਮ ਸਿੱਖ ਵੈਲਫੇਅਰ ਕਾਊਂਸਲ ਵਜ਼ੀਫ਼ਾ**

ਕਾਲਜ ਵਿਖੇ ਚੱਲ ਰਹੇ ਪ੍ਰੋਫੈਸ਼ਨਲ ਕੋਰਸ (ਬੀ.ਸੀ.ਏ., ਐਮ.ਐਸ.ਸੀ. (ਆਈ.ਟੀ.), ਪੀ.ਜੀ.ਡੀ.ਸੀ.ਏ.) ਕਰਨ ਵਾਲੇ ਵਿਦਿਆਰਥੀਆਂ ਲਈ ਵਜ਼ੀਫ਼ੇ ਦੀ ਸੁਵਿਧਾ ਦਿੱਤੀ ਜਾਵੇਗੀ। ਯੋਗ ਵਿਦਿਆਰਥੀ ਨਿਰਧਾਰਿਤ ਫਾਰਮ ਭਰਕੇ ਲੋੜੀਂਦੇ ਦਸਤਾਵੇਜ਼ ਨੱਥੀ ਕਰਨ ਉਪਰੰਤ ਵਜ਼ੀਫ਼ਾ ਇੰਚਾਰਜ ਕੋਲ ਜਮ੍ਹਾਂ ਕਰਵਾਉਣਗੇ।

1. ਮਾਤਾ–ਪਿਤਾ ਦੀ ਸਾਲਾਨਾ ਆਮਦਨ (2.5 ਲੱਖ ਤੋਂ ਘੱਟ) ਦਾ ਸਬੂਤ।
2. ਪਿਛਲੀ ਜਮਾਤ ਵਿਚੋਂ ਘੱਟੋ–ਘੱਟ 60% ਨੰਬਰ।

- **ਸੈਂਟਰਲ ਸੈਕਟਰ ਸਕੀਮ ਆਫ ਸਕਾਲਰਸ਼ਿਪ (ਕੇਵਲ ਐਂਟਰੀ ਪੌਇੰਟ ਕਲਾਸਾਂ ਲਈ)**

**ਯੋਗਤਾ ਨਿਯਮ**

**ਅਕਾਦਮਿਕ ਅਤੇ ਮੇਰਿਟ ਮਾਪਦੰਡ**

- ਵਿਦਿਆਰਥੀ ਨੇ ਕਲਾਸ 12 (10+2) ਪਾਸ ਕੀਤੀ ਹੋਵੇ।
- ਆਪਣੇ ਸੰਬੰਧਿਤ ਬੋਰਡ (ਸਾਇੰਸ / ਕਾਮਰਸ / ਆਰਟਸ) ਦੇ ਸਾਰੇ ਉੱਤੀਰਨ ਵਿਦਿਆਰਥੀਆਂ ਵਿੱਚੋਂ ਘੱਟੋ-ਘੱਟ 80 ਪ੍ਰਤੀਸ਼ਤ (80 Percentile) ਤੋਂ ਉੱਪਰ ਸਥਾਨ ਪ੍ਰਾਪਤ ਕੀਤਾ ਹੋਵੇ।
- ਵਿਦਿਆਰਥੀ ਕਿਸੇ ਨਿਯਮਿਤ (ਰੇਗੂਲਰ) ਪੂਰਾ-ਸਮਾਂ ਡਿਗਰੀ ਕੋਰਸ ਵਿੱਚ ਦਾਖਲ ਹੋਇਆ ਹੋਵੇ। (Distance Education), ਕਰਸਪਾਂਡੈਂਸ ਜਾਂ ਡਿਪਲੋਮਾ ਕੋਰਸ ਇਸ ਸਕੀਮ ਲਈ ਯੋਗ ਨਹੀਂ ਹਨ।

**ਪਰਿਵਾਰਕ ਆਮਦਨ**

- ਮਾਤਾ-ਪਿਤਾ ਜਾਂ ਪਰਿਵਾਰ ਦੀ ਕੁੱਲ ਸਾਲਾਨਾ ਆਮਦਨ ਨਿਰਧਾਰਤ ਸੀਮਾ ਤੋਂ ਘੱਟ ਹੋਣੀ ਚਾਹੀਦੀ ਹੈ।
- ਮੌਜੂਦਾ ਦਿਸ਼ਾ-ਨਿਰਦੇਸ਼ਾਂ ਅਨੁਸਾਰ, ਇਹ ਸੀਮਾ ਆਮ ਤੌਰ 'ਤੇ ₹4.5 ਲੱਖ ਪ੍ਰਤੀ ਸਾਲ ਤੱਕ ਹੈ।

**ਹੋਰ ਸਕਾਲਰਸ਼ਿਪ**

- ਵਿਦਿਆਰਥੀ ਕਿਸੇ ਹੋਰ ਕੇਂਦਰੀ ਜਾਂ ਰਾਜ ਸਰਕਾਰ ਦੀ ਸਕਾਲਰਸ਼ਿਪ, ਫੀਸ ਛੂਟ ਜਾਂ ਫੀਸ ਦਾ ਲਾਭ ਨਹੀਂ ਲੈ ਰਿਹਾ ਹੋਣਾ ਚਾਹੀਦਾ।

- **ਪ੍ਰਧਾਨ ਮੰਤਰੀ ਯਾਸਸਵੀ**

**(OBC ਵਿਦਿਆਰਥੀਆਂ ਲਈ ਸਕੂਲਾਂ ਵਿੱਚ ਟਾਪ ਕਲਾਸ ਸਿੱਖਿਆ ਦੀ ਕੇਂਦਰੀ ਯੋਜਨਾ)**

**(ਸਭ ਕਲਾਸਾਂ ਲਈ ਲਾਗੂ)**

**ਯੋਗਤਾ ਨਿਯਮ**

1. ਵਿਦਿਆਰਥੀ ਭਾਰਤੀ ਨਾਗਰਿਕ ਹੋਣਾ ਚਾਹੀਦਾ ਹੈ।
2. ਵਿਦਿਆਰਥੀ ਹੇਠ ਲਿਖੀਆਂ ਸ਼੍ਰੇਣੀਆਂ ਵਿੱਚੋਂ ਕਿਸੇ ਇੱਕ ਨਾਲ ਸੰਬੰਧਿਤ ਹੋਣਾ ਚਾਹੀਦਾ ਹੈ:
   - ਹੋਰ ਪਿੱਛੜਾ ਵਰਗ (OBC)
   - ਆਰਥਿਕ ਤੌਰ 'ਤੇ ਪਿੱਛੜਾ ਵਰਗ (EBC)
   - ਡੀਨੋਟੀਫਾਈਡ, ਘੁੰਮੰਤੂ ਅਤੇ ਅਰਧ-ਘੁੰਮੰਤੂ ਜਾਤੀਆਂ (DNT)
3. ਪਰਿਵਾਰ ਦੀ ਸਾਰੇ ਸਰੋਤਾਂ ਤੋਂ ਸਾਲਾਨਾ ਆਮਦਨ ₹2.50 ਲੱਖ ਜਾਂ ਇਸ ਤੋਂ ਘੱਟ ਹੋਣੀ ਚਾਹੀਦੀ ਹੈ।

**ਹੋਰ ਸਕਾਲਰਸ਼ਿਪ**

- ਵਿਦਿਆਰਥੀ ਕਿਸੇ ਹੋਰ ਕੇਂਦਰੀ ਜਾਂ ਰਾਜ ਸਰਕਾਰ ਦੀ ਸਕਾਲਰਸ਼ਿਪ, ਫੀਸ ਛੂਟ ਜਾਂ ਫੀਸ ਦਾ ਲਾਭ ਨਹੀਂ ਲੈ ਰਿਹਾ ਹੋਣਾ ਚਾਹੀਦਾ।

**ਵਿਸ਼ੇਸ਼ ਨੋਟ:** ਹਰ ਪ੍ਰਕਾਰ ਦੇ ਵਜ਼ੀਫ਼ਿਆਂ ਲਈ ਸਮੇਂ-ਸਮੇਂ ਨਿਯਮਾਂ ਵਿਚ ਤਬਦੀਲੀ ਅਨੁਸਾਰ ਦਸਤਾਵੇਜ਼ ਉਪਲਬਧ ਕਰਵਾਉਣੇ ਹੋਣਗੇ। ਇਕ ਵਿਦਿਆਰਥੀ ਇਕ ਸਮੇਂ ਇਕ ਹੀ ਵਜ਼ੀਫ਼ੇ ਦਾ ਲਾਭਪਾਤਰੀ ਹੋਵੇਗਾ। ਵਜ਼ੀਫੇ ਲਈ ਲੋੜੀਂਦੇ ਦਸਤਾਵੇਜ਼ ਇੰਚਾਰਜ ਨੂੰ ਉਪਲਬਧ ਕਰਵਾਉਣ ਦੀ ਜ਼ਿੰਮੇਵਾਰੀ ਕੇਵਲ ਵਿਦਿਆਰਥੀ ਦੀ ਹੋਵੇਗੀ।

# Our Academic Achievers 2024-25


Jasneet Kaur
M.Sc.(IT)-I
(1st)


Shalinder Kaur
M.Sc.(IT)-I
(1st) 71%


Gurpreet Kaur
M.Sc.(IT)-I
(2nd) 70.5%



Jashanpreet Kaur
M.Sc.(IT)-I
(3rd) 70.25%


Sukhpreet Kaur
BCA-I
(1st) 82%


Sharanjeet Kaur
BCA-I
(2nd) 80%


Rajni Kaur
BCA-I
(3rd) 79%


Swaranjeet Kaur
BCA-II
(1st) 84%


Khushpreet Kaur
BCA-II
(2nd) 81%


Ranjeet Kaur
BCA-II
(3rd) 80%


Inderjeet Kaur
BCA-III
(1st) 80.3%


Lovepreet Kaur
BCA-III
(1st) 78.3%


Jaspreet Kaur
BCA-III
(3rd) 77%


Arshdeep Kaur
B.Sc.-I
(1st) 9.47


Amanjot Kaur
B.Sc.-I
(2nd) 9.03



Kushwinder Kaur
B.Sc.-I
(3rd) 8.83


Prerna Kaur
B.Sc.-III
(1st) 91.4%


Harmandeep Kaur
B.Sc.-III
(2nd) 83.3%


Kirandeep Kaur
B.Sc.-III
(3rd) 82.8%


Jaspreet Kaur
BA-I
(1st) 9.43


Harmanjot Kaur
BA-I
(2nd) 8.67


Manpreet Kaur
BA-I
(3rd) 8.6



Ramandeep Kaur
BA-II
(1st)


Mandeep Kaur
BA-II
(2nd)


Jasmeet Kaur
B.A.-II (3rd)


Bhavikhdeep Kaur
B.A.-III (1st)


Jaspreet Kaur
B.A.-III (2nd)


Gurpreet Kaur
B.A.-III (3rd)


Mandeep Kaur
B.Com-V
(1st) 83.8%


Yashmeen Kaur
B.Com-V
(2nd) 79.2%


Ranjeet Kaur
B.Com-V
(3rd) 78.5%


Arshdeep Kaur
B.Com-I
(1st) 8.85


Manjinder Kaur
B.Com-I
(2nd) 8.77%


Dilpreet Kaur
B.Com-I
(3rd) 8.50


Harmanpreet Kaur
B.Com-II
(1st) 79.1%


Khushpreet Kaur
B.Com-II
(2nd) 78.1%


Arshdeep Kaur
B.Com-II
(3rd) 77%


Rupinder Kaur
M.Com-I
(1st) 9.54


Khushpreet Kaur
M.Com-I
(2nd) 9.53%


Yaahmeen Kaur
M.Com-I
(3rd) 9.34


Gagandeep Kaur
10+2 Arts
(1st) 94%


Jasmeet Kaur
10+2 Arts
(2nd) 92.6%



Arshdeep Kaur
10+2 Arts
(3rd) 88.2%


Harkirat Kaur
10+2 Comm.
(1st) 81%


Mehakpreet Kaur
10+2 Comm.
(2nd) 73%


Rajwinder Kaur
10+2 Comm.
(3rd) 65.6%


Randeep Kaur
10+2 N.M.
(1st) 83%


Khushpreet Kaur
10+2 N.M.
(2nd) 79.4%


Mithula
10+2 N.M.
(3rd) 78.4%


Jashandeep Kaur
10+1 Non-med.
(1st) 97%


Pardeep Kaur
10+1 Non-med.
(1st) 97%


Arshnoor Kaur
10+1 Non-med.
(2nd) 96.8%


Yashika
10+1 Med.
(1st) 94%


Gurwanjot Kaur
10+1 Med.
(2nd) 93.6%


Subhmandeep Kaur
10+1 Med.
(3rd) 92.8%


Lovedeep Kaur
10+1 Comm.
(1st) 93.2%


Husanpreet Kaur
10+1 Comm.
(2nd) 92.4%


Amanpreet Kaur
10+1 Comm.
(3rd) 90.4%


Sukhmandeep Kaur
10+1 Arts
(1st) 92.3%


Jaspreet Kaur
10+1 Arts
(2nd) 90.2%


Manpreet Kaur
10+1 Arts
(3rd) 83.8%

# FEE STRUCTURE SESSION 2026-27

| Class | Ist Installment<br>ਫੀਸ ਦੀ ਪਹਿਲੀ ਕਿਸ਼ਤ ਦਾਖਲਾ ਲੈਣ ਤੋਂ 15 ਦਿਨਾਂ ਦੇ ਅੰਦਰ-ਅੰਦਰ ਜਮ੍ਹਾਂ ਕਰਵਾਈ ਜਾਵੇ। | 2nd Installment<br>ਫੀਸ ਦੀ ਦੂਸਰੀ ਕਿਸ਼ਤ ਭਰਨ ਦੀ ਆਖਰੀ ਮਿਤੀ 15 ਨਵੰਬਰ ਹੋਵੇਗੀ | Total Fee |
|---|---|---|---|
| 10+1 (Arts) | 8250 | 8250 | 16500 |
| 10+1 (Commerce) | 9550 | 9450 | 19100 |
| 10+1 (Science) | 11100 | 11100 | 22200 |
| 10+2 (Arts) | 9550 | 9550 | 19100 |
| 10+2 (Commerce) | 11100 | 11100 | 22200 |
| 10+2 (Science) | 12900 | 12900 | 25800 |
| B.A.-I | 10600 | 10600 | 21200 |
| B.A.-II | 12100 | 12100 | 24200 |
| B.A.-III | 12900 | 12900 | 25800 |
| B.Com-I | 11350 | 11350 | 22700 |
| B.Com-II | 12900 | 12900 | 25800 |
| B.Com-III | 14200 | 14200 | 28400 |
| BCA-I | 16500 | 16500 | 33000 |
| BCA-II | 18300 | 18300 | 36600 |
| BCA-III | 19050 | 19050 | 38100 |
| B.Sc.-I | 14200 | 14200 | 28400 |
| B.Sc.-II | 15700 | 15700 | 31400 |
| B.Sc.-III | 17000 | 17000 | 34000 |
| M.A.-I | 13150 | 13150 | 26300 |
| M.A.-II | 12900 | 12900 | 25800 |
| M.Com-I | 14450 | 14450 | 28900 |
| M.Com-II | 13400 | 13400 | 26800 |
| M.Sc. (IT)-I | 19600 | 19600 | 39200 |
| M.Sc. (IT)-II | 16750 | 16750 | 33500 |
| PGDCA | 7000 | 7000 | 14000 |
| M.Sc. (IT) II | 17500 | 17500 | 35000 |

| **Practical Subjects** | |
|---|---|
| Physical Education | |
| Home Science | School (1000+1000) |
| Computer Science | College (2000+2000) |
| Gurmat Sangeet | |
| Hostel Rent | 15000 (ਦਾਖਲੇ ਸਮੇਂ ਇਕ ਕਿਸ਼ਤ ਵਿਚ ਲਿਆ ਜਾਵੇਗਾ।) |
| Mess | 12000+12000=24000 (Non Refundable) |

1. ਯੂਨੀਵਰਸਿਟੀ ਦੀਆਂ ਫੀਸਾਂ ਯੂਨੀਵਰਸਿਟੀ ਸਡਿਊਲ ਅਨੁਸਾਰ ਲਈਆਂ ਜਾਣਗੀਆਂ।
2. * ਨਾਲ ਦਰਸਾਈ ਫੀਸ 10 ਵਿਦਿਆਰਥੀਆਂ ਦੇ ਦਾਖਲਾ ਲੈਣ 'ਤੇ ਹੀ ਲਾਗੂ ਹੋਵੇਗੀ।